Friday, June 26, 2026

# ਪੰਜਾਬੀ ਜਰਨਲ

# PUNJABI JOURNAL


ਹਾੜ 12, ਨਾਨਕਸ਼ਾਹੀ ਸੰਮਤ: 557 | Volume: 20, Issue: 26| Ph: 604-312-5678

www.punjabijournal.ca, Email: punjabijournal@gmail.com




## ਕੈਨੇਡਾ ਪੁਲੀਸ ਨੇ 15 ਪੰਜਾਬੀ ਨੌਜਵਾਨ ਕੀਤੇ ਗ੍ਰਿਫਤਾਰ

## ਪੰਜਾਬੀ ਭਾਈਚਾਰੇ ਤੋਂ ਮੰਗਦੇ ਸਨ ਵਸੂਲੀਆਂ




**ਕੈਲਗਰੀ:** ਕੈਨੇਡਾ ਤੋਂ ਇਕ ਵੱਡੀ ਤੇ ਹੈਰਾਨ ਕਰਨ ਵਾਲੀ ਖਬਰ ਸਾਹਮਣੇ ਆਈ ਹੈ, ਜਿੱਥੋਂ ਦੇ ਅਲਬਰਟਾ ਸੂਬੇ ਦੇ ਸ਼ਹਿਰ ਕੈਲਗਰੀ 'ਚ ਦੱਖਣੀ ਏਸ਼ੀਆਈ, ਖ਼ਾਸ ਕਰ ਭਾਰਤੀ ਤੇ ਪੰਜਾਬੀ ਭਾਈਚਾਰੇ ਦੇ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾ ਕੇ ਕੀਤੀ ਜਾ ਰਹੀ 'ਵਸੂਲੀ' ਅਤੇ ਗੋਲੀਬਾਰੀ ਦੀਆਂ ਘਟਨਾਵਾਂ 'ਤੇ ਕੈਲਗਰੀ ਪੁਲਸ ਸਰਵਿਸ ਨੇ ਵੱਡੀ ਕਾਰਵਾਈ ਕੀਤੀ ਹੈ। ਪੁਲਸ ਨੇ ਜਾਂਚ ਨੂੰ ਅੱਗੇ ਵਧਾਉਣ ਅਤੇ ਜਨਤਾ ਕੋਲੋਂ ਹੋਰ ਜਾਣਕਾਰੀ ਹਾਸਲ ਕਰਨ ਲਈ ਇਸ ਮਾਮਲੇ ਵਿੱਚ ਨਾਮਜ਼ਦ 15 ਮੁਲਜ਼ਮਾਂ ਦੀਆਂ ਤਸਵੀਰਾਂ ਅਤੇ ਪਛਾਣ ਜਨਤਕ ਕਰ ਦਿੱਤੀ ਹੈ।

ਪੁਲਸ ਮੁਤਾਬਕ, ਅਪ੍ਰੈਲ 2025 ਤੋਂ ਲੈ ਕੇ ਹੁਣ ਤੱਕ ਕੈਲਗਰੀ 'ਚ ਫਿਰੌਤੀਆਂ ਮੰਗਣ ਦੇ 49 ਮਾਮਲੇ ਸਾਹਮਣੇ ਆ ਚੁੱਕੇ ਹਨ, ਜਿਨ੍ਹਾਂ ਵਿੱਚ ਡਰਾਉਣ-ਧਮਕਾਉਣ ਲਈ ਕੀਤੀਆਂ ਗਈਆਂ 19 ਗੋਲੀਬਾਰੀ ਅਤੇ ਗੱਡੀਆਂ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਵੀ ਸ਼ਾਮਲ ਹਨ।

ਪੁਲਸ ਸੁਪਰਡੈਂਟ ਜੈਫ ਬੈੱਲ ਨੇ ਦੱਸਿਆ ਕਿ ਇਸ ਮਾਮਲੇ 'ਚ ਹੁਣ ਤੱਕ 16 ਲੋਕਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ 'ਤੇ 56 ਅਪਰਾਧਿਕ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਫੜੇ ਗਏ ਮੁਲਜ਼ਮਾਂ 'ਚੋਂ ਕੋਈ ਵੀ ਕੈਨੇਡਾ ਦਾ ਪੱਕਾ ਨਾਗਰਿਕ ਨਹੀਂ ਹੈ। ਇਹ ਸਾਰੇ ਸਟੂਡੈਂਟ ਵੀਜ਼ਾ ਜਾਂ ਵਰਕ ਪਰਮਿਟ 'ਤੇ ਕੈਨੇਡਾ ਆਏ ਹੋਏ ਨੌਜਵਾਨ ਹਨ।

ਪੁਲਸ ਨੇ ਦੱਸਿਆ ਕਿ ਫੜੇ ਗਏ 16 ਮੁਲਜ਼ਮਾਂ 'ਚੋਂ ਸਿਰਫ਼ ਇੱਕ ਹੀ ਇਸ ਵੇਲੇ ਜੇਲ੍ਹ 'ਚ ਹੈ, ਜਦਕਿ ਬਾਕੀ 15 ਮੁਲਜ਼ਮ ਅਦਾਲਤ ਵੱਲੋਂ ਜ਼ਮਾਨਤ ਮਿਲਣ ਤੋਂ ਬਾਅਦ ਬਾਹਰ ਘੁੰਮ ਰਹੇ ਹਨ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਮੁਲਜ਼ਮ ਨਕਲੀ ਨਾਵਾਂ ਅਤੇ ਨਿਕ-ਨੇਮਜ਼ ਦੀ ਵਰਤੋਂ ਕਰ ਕੇ ਲੁਕ ਕੇ ਰਹਿ ਰਹੇ ਹਨ। ਕਈ ਵਾਰ ਉਨ੍ਹਾਂ ਦੇ ਨਾਲ ਰਹਿਣ ਵਾਲੇ ਰੂਮਮੇਟਸ ਨੂੰ ਵੀ ਉਨ੍ਹਾਂ ਦੇ ਅਸਲ ਨਾਂ ਦਾ ਪਤਾ ਨਹੀਂ ਹੁੰਦਾ। ਪੁਲਸ ਨੇ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਨੇ ਵੀ ਇਨ੍ਹਾਂ ਲੋਕਾਂ ਨੂੰ ਦੇਖਿਆ ਹੋਵੇ ਜਾਂ ਇਨ੍ਹਾਂ ਦੀਆਂ ਗਤੀਵਿਧੀਆਂ ਬਾਰੇ ਕੋਈ ਜਾਣਕਾਰੀ ਹੋਵੇ, ਤਾਂ ਉਹ ਤੁਰੰਤ ਪੁਲਸ ਜਾਂ 'ਕ੍ਰਾਈਮ ਸਟੌਪਰਸ' ਨੂੰ ਸੂਚਿਤ ਕਰੇ।

ਜਿਨ੍ਹਾਂ ਲੋਕਾਂ ਦੀਆਂ ਤਸਵੀਰਾਂ ਜਾਰੀ ਕੀਤੀਆਂ ਗਈਆਂ ਹਨ, ਉਨ੍ਹਾਂ 'ਚ ਰਵਜੋਤ ਤੂਰ (20), ਜਰਮਨਜੀਤ ਸਿੰਘ (22), ਜਸਕਰਨ ਸਿੰਘ (21), ਕਰਨਬੀਰ ਸਿੰਘ (21), ਅਮਨਦੀਪ ਸਿੰਘ (21), ਅਨੁਰਾਗ ਸਿੱਧੂ (21), ਇਸ਼ਾਨਦੀਪ ਸਿੰਘ (19), ਅਮਨਦੀਪ ਮੱਲ੍ਹੀ (39), ਸੰਦੀਪ ਸਿੰਘ (32), ਦਕਸ਼ ਗੌਤਮ (25), ਅਕਾਸ਼ਦੀਪ ਸਿੰਘ (19), ਗਗਨਦੀਪ ਸਿੰਘ (29), ਪਰਦੀਪ ਸਿੰਘ (24), ਤਰਨਵੀਰ ਸਿੰਘ (24) ਅਤੇ ਗੁਰਕਰਨ ਧਾਲੀਵਾਲ (21) ਸ਼ਾਮਲ ਹਨ। ਇਹ ਤਸਵੀਰਾਂ ਪੁਲਸ ਨੇ ਇਸ ਲਈ ਜਾਰੀ ਕੀਤੀਆਂ ਹਨ, ਤਾਂ ਜੋ ਜੇਕਰ ਲੋਕ ਇਨ੍ਹਾਂ ਨੂੰ ਜਾਣਦੇ ਹਨ, ਜਾਂ ਇਨ੍ਹਾਂ ਦੇ ਟਿਕਾਣਿਆਂ ਬਾਰੇ ਕੋਈ ਵੀ ਜਾਣਕਾਰੀ ਹੈ ਤਾਂ ਤੁਰੰਤ ਪੁਲਸ ਨੂੰ ਸੂਚਨਾ ਦੇਣ।

## ਬੀ.ਸੀ. ਵਿਚ ਨਸ਼ਾ ਤਸਕਰਾਂ ਦੇ ਠਿਕਾਣਿਆਂ ਤੋਂ ਕਰੋੜਾਂ ਦੀ ਨਕਦੀ, ਬੰਦੂਕਾਂ ਅਤੇ ਨਸ਼ੇ ਬਰਾਮਦ



**ਸਰੀ:** ਬ੍ਰਿਟਿਸ਼ ਕੋਲੰਬੀਆ 'ਚ ਪੁਲੀਸ ਬਲਾਂ ਦੀ ਸਾਂਝੀ ਐਕਸ਼ਨ ਟੀਮ ਨੇ ਲੰਬੀ ਜਾਂਚ ਤੋਂ ਬਾਅਦ ਨਸ਼ਾ ਤਸਕਰੀ ਦੇ ਵੱਡੇ ਮਾਮਲੇ ਦੀ ਪੈੜ ਨੱਪਦਿਆਂ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਦੇ ਠਿਕਾਣਿਆਂ ਦੀ ਤਲਾਸ਼ੀ ਦੌਰਾਨ 15 ਲੱਖ ਡਾਲਰ ਕਰੰਸੀ ਨੋਟ (ਕਰੀਬ 10 ਕਰੋੜ ਰੁਪਏ), ਕਈ ਮਾਰੂ ਹਥਿਆਰ, ਵੱਡੀ ਮਾਤਰਾ 'ਚ ਵੱਖ ਵੱਖ ਮਹਿੰਗੇ ਨਸ਼ਿਆਂ ਦੀ ਖੇਪ, ਮਹਿੰਗੀਆਂ ਕਾਰਾਂ, ਟਰੱਕ ਅਤੇ ਪੰਜ ਆਲੀਸ਼ਾਨ ਘਰ ਆਪਣੇ ਕਬਜੇ 'ਚ ਲਏ ਹਨ।

ਕਾਬੂ ਕੀਤੇ ਵਿਅਕਤੀਆਂ ਦੇ ਫਰਾਰ ਹੋਏ ਸਾਥੀਆਂ ਦੀ ਭਾਲ ਕੀਤੀ ਜਾ ਰਹੀ ਹੈ। ਬੇਸ਼ੱਕ ਕੁਝ ਕਨੂੰਨੀ ਅੜਿਕਿਆਂ ਕਾਰਨ ਪੁਲੀਸ ਨੇ ਫੜੇ ਅਤੇ ਫਰਾਰ ਵਿਅਕਤੀਆਂ ਦੀ ਪਛਾਣ ਜਨਤਕ ਨਹੀਂ ਕੀਤੀ, ਪਰ ਇਹ ਦਾਅਵਾ ਕੀਤਾ ਗਿਆ ਹੈ ਕਿ ਇਸ ਕਾਰਵਾਈ ਨੇ ਸਰੀ ਖੇਤਰ 'ਚ ਵਿਕਦੇ ਨਸ਼ੇ ਦਾ ਲੱਕ ਤੋੜ ਦਿੱਤਾ ਹੈ। ਮੀਡੀਆ ਬੁਲਾਰੀ ਸਰਬਜੀਤ ਕੌਰ ਸੰਘਾ ਨੇ ਦੱਸਿਆ ਕਿ ਫੜੇ ਗਏ ਵਿਅਕਤੀ ਤੋਂ ਹੋਰ ਪੁੱਛਗਿੱਛ ਕੀਤ ਜਾਵੇਗੀ ਹੈ ਤਾਂ ਜੋ ਹੋਰ ਸੰਪਰਕਾਂ ਦਾ ਪਤਾ ਲਗਾਇਆ ਜਾ ਸਕੇ ਅਤੇ ਵੈਨਕੂਵਰ ਖੇਤਰ ਚੋਂ ਨਸ਼ਿਆਂ ਦੇ ਖਾਤਮੇ ਲਈ ਹੋਰ ਯਤਨ ਕੀਤੇ ਜਾ ਸਕਣ।

ਇਸ ਜਾਂਚ ਦਲ ਨੇ ਇਸ ਨੈਟਵਰਕ ਦੀਆਂ ਗਤੀਵਿਧੀਆਂ ਦਾ ਪੂਰਾ ਪਤਾ ਲਾਉਣ ਲਈ ਇੱਕ ਸਾਲ ਦਾ ਸਮਾਂ ਲਾਇਆ। ਫੜੇ ਗਏ ਨਜਾਇਜ ਮਾਰੂ ਹਥਿਆਰਾਂ ਚ 27 ਬੰਦੂਕਾਂ ਤੇ ਰਿਵਾਲਵਰਾਂ ਸਮੇਤ ਵੱਡੀ ਗਿਣਤੀ ਗੋਲੀਸਿੱਕਾ ਵੀ ਮਿਲਿਆ ਹੈ, ਜਿਸ ਨੂੰ ਉਹ ਕਥਿਤ ਤੌਰ ਦੇ ਵੇਚਣ ਦਾ ਧੰਦਾ ਵੀ ਕਰਦੇ ਸਨ।

ਫੜੀਆਂ ਗਈਆਂ ਲਗਜ਼ਰੀ ਕਾਰਾਂ 'ਚ ਮੁਲਜ਼ਮਾਂ ਨੇ ਅਜਿਹੀਆਂ ਥਾਵਾਂ ਬਣਵਾਈਆਂ ਸਨ, ਜਿੰਨ੍ਹਾਂ 'ਤੇ ਤਲਾਸ਼ੀ ਮੌਕੇ ਪੁਲੀਸ ਦੀ ਨਜ਼ਰ ਨਹੀਂ ਪੈਂਦੀ ਸੀ। ਪੁਲੀਸ ਨੇ ਸੰਕੇਤ ਦਿੱਤਾ ਹੈ ਕਿ ਨਸ਼ਿਆਂ ਦੇ ਕਾਰੋਬਾਰ ਨਾਲ ਬਣਾਈਆਂ ਜਾਇਦਾਦਾਂ ਹੁਣ ਦੋਸ਼ੀਆਂ ਕੋਲ ਨਹੀਂ ਰਹਿਣਗੀਆਂ। ਉਨ੍ਹਾਂ ਦੱਸਿਆ ਕਿ ਮੁਢਲੇ ਤੌਰ ਤੇ ਮੁਲਜ਼ਮਾਂ ਵਿਰੁੱਧ ਅਜੇ ਦੋਸ਼ ਆਇਦ ਨਹੀਂ ਕੀਤੇ ਗਏ ਤਾਂ ਜੋ ਉਨ੍ਹਾਂ ਅਤੇ ਉਨ੍ਹਾਂ ਦੇ ਸਾਥੀਆਂ ਤੋਂ ਹੋਰ ਜਾਣਕਾਰੀਆਂ ਦੇ ਅਧਾਰ ਤੇ ਅਦਾਲਤ ਵਿੱਚ ਠੋਸ ਸਬੂਤ ਜਟਾਏ ਜਾ ਸਕਣ।



# ਕੈਨੇਡਾ ’ਚ ਪੰਜਾਬੀ ਟਰੱਕ ਡਰਾਈਵਰਾਂ ਦੇ 1 ਜੁਲਾਈ ਤੋਂ ਲਾਗੂ ਹੋਣਗੇ ਨਵੇਂ ਨਿਯਮ

**ਟੋਰਾਂਟੋ** : ਕੈਨੇਡਾ ਵਿਚ ਵਿਦੇਸ਼ੀ ਤਜਰਬੇ ਵਾਲੇ ਟਰੱਕ ਡਰਾਈਵਰਾਂ ਲਈ 1 ਜੁਲਾਈ ਤੋਂ ਨਵੇਂ ਨਿਯਮ ਲਾਗੂ ਹੋ ਰਹੇ ਹਨ। ਜੀ ਹਾਂ, ਉਨਟਾਰੀਓ ਸਰਕਾਰ ਵੱਲੋਂ ਕਲਾਸ ਏ ਟਰੱਕ ਲਾਇਸੰਸ ਵਾਸਤੇ ਨਵੀਆਂ ਤਜਰਬਾ ਸ਼ਰਤਾਂ ਲਿਆਂਦੀਆਂ ਜਾ ਰਹੀਆਂ ਹਨ ਜਿਨ੍ਹਾਂ ਤਹਿਤ ਕਲਾਸ ਏ ਰੋਡ ਟੈਸਟ ਵਾਸਤੇ ਲਾਜ਼ਮੀ ਹੋਵੇਗਾ ਕਿ ਸਬੰਧਤ ਡਰਾਈਵਰ ਕੋਲ ਘੱਟੋ ਘੱਟ 6 ਮਹੀਨੇ ਪੁਰਾਣਾ ਉਨਟਾਰੀਓ ਕਲਾਸ ਜੀ ਲਾਇਸੰਸ ਹੋਵੇ।



ਟ੍ਰਾਂਸਪੋਰਟ ਮੰਤਰਾਲੇ ਦਾ ਕਹਿਣਾ ਹੈ ਕਿ ਸਿਰਫ਼ ਯੋਗ ਅਤੇ ਤਜਰਬੇਕਾਰ ਟਰੱਕ ਡਰਾਈਵਰ ਹੀ ਸੜਕਾਂ ’ਤੇ ਹੋਣੇ ਚਾਹੀਦੇ ਹਨ ਜਿਸਦੇ ਮੱਦੇਨਜ਼ਰ ਵੈਲਿਡ ਕਲਾਸ ਜੀ ਲਾਇਸਸੰਸ ਜਾਂ ਏ (ਆਰ), ਬੀ, ਸੀ, ਡੀ, ਈ ਜਾਂ ਐਫ਼ ਲਾਇਸੰਸ ਹੋਣੇ ਲਾਜ਼ਮੀ ਹਨ। ਕਲਾਸ ਏ ਲਾਇਸੰਸ ਦੇ ਰੋਡ ਟੈਸਟ ਵਾਸਤੇ ਜੀ 1, ਜੀ 2, ਐਮ, ਐਮ 1 ਅਤੇ ਐਮ 2 ਲਾਇਸੰਸ ਪ੍ਰਵਾਨ ਨਹੀਂ ਕੀਤੇ ਜਾਣਗੇ। 19 ਜੂਨ ਨੂੰ ਦਾਖ਼ਲ ਸੋਧਾਂ ਮੁਤਾਬਕ ਕੈਨੇਡਾ ਦੇ ਹੋਰਨਾਂ ਰਾਜਾਂ ਨਾਲ ਸਬੰਧਤ ਡਰਾਈਵਰ ਵੀ ਲਾਇਸੰਸ ਵਾਸਤੇ ਅਪਲਾਈ ਕਰ ਸਕਦੇ ਹਨ, ਬਾਸ਼ਰਤੇ ਉਨ੍ਹਾਂ ਕੋਲ ਘੱਟੋ ਘੱਟ 24 ਮਹੀਨੇ ਪੁਰਾਣਾ ਬਰਾਬਰ ਯੋਗਤਾ ਵਾਲਾ ਲਾਇਸੰਸ ਹੋਵੇ।

**ਉਨਟਾਰੀਓ ਸਰਕਾਰ ਵੱਲੋਂ ਸੜਕ ਸੁਰੱਖਿਆ ਲਈ ਨਵਾਂ ਉਪਰਾਲਾ**

ਫ਼ੌਜ ਦੇ ਡਰਾਈਵਰ ਜਿਨ੍ਹਾਂ ਕੋਲ ਡੀ.ਐਨ.ਡੀ. 404 ਪਰਮਿਟ ਮੌਜੂਦ ਹੈ, ਉਹ ਵੀ ਕਲਾਸ ਏ ਲਾਇਸੰਸ ਦੇ ਟੈਸਟ ਵਾਸਤੇ ਯੋਗ ਮੰਨੇ ਜਾਣਗੇ। ਇਹ ਤਬਦੀਲੀਆਂ 1 ਜਨਵਰੀ 2027 ਤੋਂ ਲਾਗੂ ਕੀਤੀਆਂ ਜਾਣਗੀਆਂ ਪਰ ਦੂਜੇ ਪਾਸੇ ਵਿਦੇਸ਼ਾਂ ਵਿਚ ਡਰਾਈਵਿੰਗ ਦੇ ਤਜਰਬੇ ਨੂੰ ਮਾਨਤਾ ਤਾਂ ਹੀ ਮਿਲੇਗੀ ਜੇ ਉਨ੍ਹਾਂ ਨਾਲ ਅਜਿਹੇ ਮੁਲਕਾਂ ਦੇ ਲਾਇਸੰਸ ਐਕਸਚੇਂਜ ਐਗਰੀਮੈਂਟ ਹੋਣਗੇ। ਬਗੈਰ ਐਗਰੀਮੈਂਟ ਵਾਲੇ ਮੁਲਕਾਂ ਨਾਲ ਸਬੰਧਤ ਡਰਾਈਵਰਾਂ ਨੂੰ ਵੱਧ ਤੋਂ ਵੱਧ 12 ਮਹੀਨੇ ਦਾ ਵਿਦੇਸ਼ੀ ਤਜਰਬਾ ਹੀ ਮੰਨਿਆ ਜਾਵੇਗਾ।

ਅਜਿਹੇ ਡਰਾਈਵਰਾਂ ਨੂੰ ਕਲਾਸ ਜੀ 2 ਅਤੇ ਕਲਾਸ ਜੀ ਰੋਡ ਟੈਸਟ ਮੁਕੰਮਲ ਕਰਨੇ ਹੋਣਗੇ ਅਤੇ ਜੀ 2 ਟੈਸਟ ਪਾਸ ਕਰਨ ਮਗਰੋਂ ਕਲਾਸ ਜੀ ਰੋਡ ਟੈਸਟ ਵਾਸਤੇ 12 ਮਹੀਨੇ ਦਾ ਲਾਜ਼ਮੀ ਉਡੀਕ ਸਮਾਂ ਹੰਢਾਉਣਾ ਹੋਵੇਗਾ। ਇਹ ਨਿਯਮ ਆਉਂਦੀ 1 ਜੁਲਾਈ ਤੋਂ ਲਾਗੂ ਕੀਤੇ ਜਾ ਰਹੇ ਹਨ ਅਤੇ ਟ੍ਰਾਂਸਪੋਰਟ ਇੰਡਸਟਰੀ ਵੱਲੋਂ ਨਵੇਂ ਨਿਯਮਾਂ ਦਾ ਸਵਾਗਤ ਕੀਤਾ ਗਿਆ ਹੈ। ਪ੍ਰਾਈਵੇਟ ਮੋਟਰ ਟਰੱਕ ਕੌਂਸਲ ਆਫ਼ ਕੈਨੇਡਾ ਦੇ ਪ੍ਰਧਾਨ ਮਾਈਕ ਮਿਲੀਅਨ ਦਾ ਕਹਿਣਾ ਸੀ ਕਿ ਬਿਨਾਂ ਸ਼ੱਕ ਇਕ ਡਰਾਈਵਰ ਨੂੰ ਉਚੀ ਪੌੜੀ ’ਤੇ ਚੜ੍ਹਨ ਵਾਸਤੇ ਵਧੇਰੇ ਤਜਰਬੇ ਅਤੇ ਸਵੈ-ਵਿਸ਼ਵਾਸ ਦੀ ਜ਼ਰੂਰਤ ਹੁੰਦੀ ਹੈ।

ਉਡੀਕ ਸਮੇਂ ਰਾਹੀਂ ਵਧੇਰੇ ਤਜਰਬਾ ਹਾਸਲ ਕੀਤਾ ਜਾ ਸਕਦਾ ਹੈ ਅਤੇ ਇਹ ਐਨਾ ਜ਼ਿਆਦਾ ਵੀ ਨਹੀਂ ਕਿ ਨੌਜਵਾਨ ਪੀੜ੍ਹੀ ਨੂੰ ਇਸ ਖੇਤਰ ਵੱਲ ਆਉਣ ਤੋਂ ਰੋਕਦਾ ਹੋਵੇ। ਉਨਟਾਰੀਓ ਕਮਰਸ਼ੀਅਲ ਟਰੱਕ ਟ੍ਰੇਨਿੰਗ ਐਸੋਸੀਏਸ਼ਨ ਨਰਿੰਦਰ ਸਿੰਘ ਜਸਵਾਲ ਨੇ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਕਲਾਸ ਏ ਲਾਇਸੰਸ ਵਾਸਤੇ ਬਿਲਕੁਲ ਸਪੱਸ਼ਟ ਅਤੇ ਢਾਂਚਾਗਤ ਰਾਹ ਦੀ ਹਮਾਇਤ ਕਰਦੀ ਹੈ।

**1 ਜਨਵਰੀ 2027 ਤੋਂ ਹੋਰ ਸਖ਼ਤ ਹੋਣਗੀਆਂ ਸ਼ਰਤਾਂ**

ਨਰਿੰਦਰ ਸਿੰਘ ਵੱਲੋਂ ਹੋਰਨਾਂ ਸ਼ਰਤਾਂ ਦੇ ਨਾਲ-ਨਾਲ ਸਿਰਫ਼ ਪਰਮਾਨੈਂਟ ਰੈਜ਼ੀਡੈਂਟ ਜਾਂ ਸਿਟੀਜ਼ਨਸ਼ਿਪ ਵਾਲੇ ਪ੍ਰਵਾਸੀਆਂ ਨੂੰ ਹੀ ਕਮਰਸ਼ੀਅਲ ਡਰਾਈਵਿੰਗ ਲਾਇਸੰਸ ’ਤੇ ਜ਼ੋਰ ਦਿਤਾ ਗਿਆ। ਉਧਰ, ਉਨਟਾਰੀਓ ਦੀ ਟਰੱਕ ਟ੍ਰੇਨਿੰਗ ਐਸੋਸੀਏਸ਼ਨ ਨੇ ਤਬਦੀਲੀਆਂ ਦੀ ਹਮਾਇਤ ਕਰਦਿਆਂ ਕਿਹਾ ਕਿ ਇਕ ਪਹਿਲੂ ਉਤੇ ਮੁੜ ਵਿਚਾਰ ਹੋਣਾ ਚਾਹੀਦਾ ਹੈ। ਐਸੋਸੀਏਸ਼ਨ ਦੇ ਚੇਅਰਮੈਨ ਕੈਨ ਐਡਮਜ਼ ਨੇ ਕਿਹਾ ਕਿ ਉਨਟਾਰੀਓ ਦੇ ਲਾਇਸੰਸਿੰਗ ਸਿਸਟਮ ਵਿਚੋਂ ਲੰਘਣ ਵਾਲੇ ਡਰਾਈਵਰ 18 ਮਹੀਨੇ ਦੇ ਅੰਦਰ ਜੀ ਲਾਇਸੰਸ ਹਾਸਲ ਕਰ ਸਕਦਾ ਹੈ।

ਇਸ ਤੋਂ ਛੇ ਮਹੀਨੇ ਬਾਅਦ ਉਹ ਕਲਾਸ ਏ ਲਾਇਸੰਸ ਦੇ ਰੋਡ ਟੈਸਟ ਵਾਸਤੇ ਯੋਗ ਮੰਨਿਆ ਜਾਵੇਗਾ ਪਰ ਕੋਈ ਵੀ ਜੀ 2 ਡਰਾਈਵਰ, ਜੀ ਲਾਇਸੰਸ ਤੱਕ ਪੁੱਜਣ ਤੋਂ ਪਹਿਲਾਂ ਖ਼ੁਦਮੁਖਤਿਆਰ ਤਰੀਕੇ ਨਾਲ ਪੰਜ ਸਾਲ ਅਪ੍ਰੇਟ ਕਰ ਸਕਦਾ ਹੈ।

ਅਜਿਹੇ ਵਿਚ ਉਸ ਨੂੰ ਕਲਾਸ ਏ ਲਾਇਸੰਸ ਦੇ ਯੋਗ ਬਣਨ ਵਾਸਤੇ ਲੰਮੀ ਉਡੀਕ ਕਰਨੀ ਪਵੇਗੀ। ਐਡਮਜ਼ ਨੇ ਸੁਝਾਅ ਦਿਤਾ ਕਿ ਜੀ 2 ਲਾਇਸੰਸ ’ਤੇ ਘੱਟੋ ਘੱਟ 18 ਮਹੀਨੇ ਕੰਮ ਕਰਨ ਵਾਲਿਆਂ ਨੂੰ ਜੀ ਲਾਇਸੰਸ ਵਾਸਤੇ ਛੇ ਮਹੀਨੇ ਦੇ ਉਡੀਕ ਸਮੇਂ ਤੋਂ ਛੋਟ ਦਿਤੀ ਜਾਵੇ।



# PUNJABI JOURNAL

Volume: 19, Issue: 26 || Ph: 604-312-5678 || Friday, June 16, 2026

## ਕਨਿਸ਼ਕਾ ਏਅਰ ਕਾਂਡ: ਸਿੱਖਸ ਫਾਰ ਜਸਟਿਸ ਵੱਲੋਂ ਸੁਤੰਤਰ ਜਾਂਚ ਦੀ ਮੰਗ

### ਵੈਨਕੂਵਰ ’ਚ ਗੂੰਜਿਆ ਇਨਸਾਫ਼ ਦਾ ਨਾਅਰਾ

**ਵੈਨਕੂਵਰ** : ਕੈਨੇਡਾ ਦੇ ਵੈਨਕੂਵਰ ਸਥਿਤ ਸਟੈਨਲੀ ਪਾਰਕ ਵਿੱਚ ਕਨਿਸ਼ਕਾ ਯਾਦਗਾਰ ਸਥਾਨ ’ਤੇ 1985 ਦੇ ਏਅਰ ਇੰਡੀਆ ਫਲਾਈਟ 182 (ਕਨਿਸ਼ਕਾ) ਧਮਾਕੇ ਵਿੱਚ ਮਾਰੇ ਗਏ 329 ਬੇਗੁਨਾਹ ਲੋਕਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸਿੱਖਸ ਫਾਰ ਜਸਟਿਸ ਅਤੇ ਖਾਲਿਸਤਾਨ ਹਮਾਇਤੀ ਸਿੱਖ ਇਕੱਠੇ ਹੋਏ। ਸਮਾਗਮ ਦੌਰਾਨ ਇਨਸਾਫ਼, ਜਵਾਬਦੇਹੀ ਅਤੇ ਪੂਰੇ ਸੱਚ ਦੀ ਮੰਗ ਪ੍ਰਮੁੱਖ ਤੌਰ ’ਤੇ ਉਭਰੀ।



ਇਸ ਮੌਕੇ ਤਲਵਿੰਦਰ ਸਿੰਘ ਪਰਮਾਰ ਦਾ ਵੱਡਾ ਬੈਨਰ ਵੀ ਪ੍ਰਦਰਸ਼ਿਤ ਕੀਤਾ ਗਿਆ। ਬੁਲਾਰਿਆਂ ਨੇ ਕਨਿਸ਼ਕਾ ਕਾਂਡ ਸਬੰਧੀ ਸਾਰੇ ਤੱਥ ਜਨਤਾ ਸਾਹਮਣੇ ਲਿਆਉਣ ਲਈ ਇੱਕ ਨਵੀਂ, ਸੁਤੰਤਰ ਅਤੇ ਨਿਰਪੱਖ ਜਾਂਚ ਸ਼ੁਰੂ ਕਰਨ ਦੀ ਮੰਗ ਕੀਤੀ। ਸਮਾਗਮ ਦੌਰਾਨ ਵੈਨਕੂਵਰ ਸਥਿਤ ਭਾਰਤੀ ਕੌਂਸਲੇਟ ਦੇ ਅਧਿਕਾਰੀ ਰੰਗਸੰਗ ਨੂੰ ਖਾਲਿਸਤਾਨ ਹਮਾਇਤੀ ਸਿੱਖਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਸਿੱਖ ਆਗੂਆਂ ਨੇ ਕਿਹਾ ਕਿ ਉਹ ਦੌਰ ਲੰਘ ਗਿਆ, ਜਦੋਂ ਹਰ ਸਾਲ 23 ਜੂਨ ਨੂੰ ਭਾਰਤੀ ਨੁਮਾਇੰਦੇ ਯਾਦਗਾਰ ’ਤੇ ਪਹੁੰਚ ਕੇ ਇਸ ਘਟਨਾ ਬਾਰੇ ਆਪਣਾ ਇਕ-ਪੱਖੀ ਪੱਖ ਪੇਸ਼ ਕਰਦੇ ਸਨ। ਉਨ੍ਹਾਂ ਕਿਹਾ ਕਿ ਹੁਣ ਹਰ ਸਾਲ ਸਿੱਖ ਭਾਈਚਾਰਾ ਯਾਦਗਾਰ ’ਤੇ ਪਹੁੰਚ ਕੇ ਨਾ ਸਿਰਫ਼ ਮ੍ਰਿਤਕਾਂ ਨੂੰ ਸ਼ਰਧਾਂਜਲੀ ਦਿੰਦਾ ਹੈ, ਸਗੋਂ ਕੈਨੇਡੀਅਨ ਜਨਤਾ ਸਾਹਮਣੇ ਇਨਸਾਫ਼, ਜਵਾਬਦੇਹੀ ਅਤੇ ਪੂਰੇ ਸੱਚ ਦੀ ਮੰਗ ਵੀ ਰੱਖਦਾ ਹੈ।

ਇਸ ਇਕੱਠ ਵਿੱਚ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਭਾਈ ਨਰਿੰਦਰ ਸਿੰਘ ਰੰਧਾਵਾ, ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਐਬਟਸਫੋਰਡ ਤੋਂ ਕਰਨੈਲ ਸਿੰਘ ਟੁੱਟ, ਰਣਜੀਤ ਸਿੰਘ ਚਾਹਲ, ਰਣਜੀਤ ਸਿੰਘ ਖਾਲਸਾ, ਐਸਐਫਜੇ ਦੇ ਮਨਜਿੰਦਰ ਸਿੰਘ ਖਾਲਸਾ, ਟੀਮ ਸ਼ਹੀਦ ਨਿੱਝਰ ਤੋਂ ਭਾਈ ਜੈਗ ਸਿੰਘ ਸਿੱਧੂ, ਭਾਈ ਦਲਜੀਤ ਸਿੰਘ, ਭਾਈ ਪਵਨਦੀਪ ਸਿੰਘ ਬਾਸੀ, ਭਾਈ ਭੁਪਿੰਦਰ ਸਿੰਘ ਢੇਸੀ, ਭਾਈ ਰਜਿੰਦਰ ਸਿੰਘ, ਭਾਈ ਰਜਿੰਦਰ ਸਿੰਘ ਨੱਤ, ਭਾਈ ਸਲਿੰਦਰ ਸਿੰਘ ਅਤੇ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਸੀ। ਭਾਈ ਨਰਿੰਦਰ ਸਿੰਘ ਰੰਧਾਵਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ 1985 ਦੇ ਕਨਿਸ਼ਕਾ (ਏਅਰ ਇੰਡੀਆ ਫਲਾਈਟ 182) ਬੰਬ ਧਮਾਕੇ ਸਬੰਧੀ ਕੈਨੇਡਾ ਸਰਕਾਰ ਨੂੰ ਮੁੜ ਇੱਕ ਸੁਤੰਤਰ ਜਾਂਚ ਸ਼ੁਰੂ ਕਰਨੀ ਚਾਹੀਦੀ ਹੈ, ਤਾਂ ਜੋ ਇਸ ਦੁਖਦਾਈ ਘਟਨਾ ਨਾਲ ਜੁੜੇ ਸਾਰੇ ਤੱਥ, ਸੰਭਾਵਿਤ ਜਵਾਬਦੇਹ ਤੱਤ ਅਤੇ ਪੂਰੀ ਹਕੀਕਤ ਲੋਕਾਂ ਸਾਹਮਣੇ ਆ ਸਕੇ। ਉਨ੍ਹਾਂ ਕਿਹਾ ਕਿ ਇਤਿਹਾਸ ਦੇ ਇਸ ਦੁਖਦਾਈ ਅਧਿਆਇ ’ਤੇ ਪਿਆ ਪਰਦਾ ਹਟਾਉਣਾ ਸਮੇਂ ਦੀ ਲੋੜ ਹੈ, ਕਿਉਂਕਿ ਇਨਸਾਫ਼ ਤਦੋਂ ਹੀ ਸੰਭਵ ਹੈ ਜਦੋਂ ਸੱਚ ਨਿਰਪੱਖ ਢੰਗ ਨਾਲ ਸਾਹਮਣੇ ਆਵੇ।

## ਵਿਰੋਧੀ ਧਿਰਾਂ ਮੇਰੇ ਵਿਰੁੱਧ ਹੋਈਆਂ ਇਕਜੁੱਟ: ਮੁੱਖ ਮੰਤਰੀ



ਲੋਕ ਮਿਲਣੀ ਮੁਹਿੰਮ ਤਹਿਤ ਜ਼ਿਲ੍ਹੇ ਦੇ ਪਿੰਡ ਝਲੂਰ ਪੁੱਜੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਾਂਗਰਸ, ਭਾਜਪਾ ਅਤੇ ਅਕਾਲੀ ਦਲ ’ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਇਹ ਤਿੰਨੋਂ ਪਾਰਟੀਆਂ ਪੰਜਾਬ ਦੀ ਬੇਮਿਸਾਲ ਤਰੱਕੀ ਖਿਲਾਫ਼ ਇੱਕਜੁੱਟ ਹੋ ਗਈਆਂ ਹਨ, ਕਿਉਂਕਿ ਉਹ ‘ਆਪ’ ਦੀ ਅਗਵਾਈ ਵਾਲੀ ਸਰਕਾਰ ਨੂੰ ਮਿਲ ਰਹੇ ਭਰਵੇਂ ਸਮਰਥਨ ਨੂੰ ਬਰਦਾਸ਼ਤ ਨਹੀਂ ਕਰ ਪਾ ਰਹੀਆਂ ਹਨ। ਬਰਨਾਲਾ ਵਿੱਚ ‘ਲੋਕ ਮਿਲਣੀ’ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਰਵਾਇਤੀ ਪਾਰਟੀਆਂ ਆਪਣਾ ਮਾਨਸਿਕ ਸੰਤੁਲਨ ਗਵਾ ਚੁੱਕੀਆਂ ਹਨ ਕਿਉਂਕਿ ਉਹ ਸੂਬੇ ਦੇ ਤੇਜ਼ੀ ਨਾਲ ਹੋ ਰਹੇ ਵਿਕਾਸ ਨੂੰ ਹਜ਼ਮ ਨਹੀਂ ਕਰ ਪਾ ਰਹੀਆਂ। ਉਨ੍ਹਾਂ ਨੂੰ ਬਦਨਾਮ ਕਰਨ ਅਤੇ ਲੋਕਾਂ ਨੂੰ ਗੁਮਰਾਹ ਕਰਨ ਲਈ ਵਿਰੋਧੀ ਪਾਰਟੀਆਂ ਧਰਮ ਦੇ ਨਾਂ ’ਤੇ ਫ਼ਰਜ਼ੀ ਵੀਡੀਓ ਅਤੇ ਝੂਠੇ ਪ੍ਰਚਾਰ ਦਾ ਸਹਾਰਾ ਲੈ ਰਹੀਆਂ ਹਨ। ਉਨ੍ਹਾਂ ਦੀ ਸਰਕਾਰ ਨੂੰ ਲੀਹੋਂ ਲਾਹੁਣ ਦੀਆਂ ਕਈ ਕੋਸ਼ਿਸ਼ਾਂ ਦੇ ਬਾਵਜੂਦ ਉਨ੍ਹਾਂ ਦਾ ਪੂਰਾ ਧਿਆਨ ਵਿਕਾਸ ਅਤੇ ਲੋਕ ਭਲਾਈ ਦੇ ਕੰਮਾਂ ’ਤੇ ਕੇਂਦਰਿਤ ਹੈ। ਉਨ੍ਹਾਂ ਐਲਾਨ ਕੀਤਾ ਕਿ ਪੰਜਾਬ ਭਰ ਦੀਆਂ ਔਰਤਾਂ ਨੂੰ ਪਹਿਲੀ ਜੁਲਾਈ ਤੋਂ ਮਾਵਾਂ-ਧੀਆਂ ਸਤਿਕਾਰ ਯੋਜਨਾ’ ਤਹਿਤ ਵਿੱਤੀ ਸਹਾਇਤਾ ਮਿਲਣੀ ਸ਼ੁਰੂ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਕੋਈ ਵੀ ਸਾਜ਼ਿਸ਼ ਜਾਂ ਬਦਨਾਮੀ ਦੀ ਮੁਹਿੰਮ ਉਨ੍ਹਾਂ ਨੂੰ ਲੋਕਾਂ ਲਈ ਕੰਮ ਕਰਨ ਅਤੇ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨ ਤੋਂ ਨਹੀਂ ਰੋਕ ਸਕਦੀ।

WESTERN COMMUNITY COLLEGE



JUMPSTART YOUR CAREER WITH WESTERN COMMUNITY COLLEGE!

TRAIN FOR IN-DEMAND CAREERS IN:

MASSAGE THERAPY
GRADUATE
IN 52 WEEKS

AVIATION
EARN YOUR
PPL & CPL

PHARMACY
TECHNICIAN
HIGH-DEMAND,
HIGH-PAYING FIELD

APPLY NOW: WCC.CA


# ਮੁੱਖ ਮੰਤਰੀ ਮਾਨ ਨੇ ਵੀਡੀਓ ਮਾਮਲੇ ’ਚ ਨਵੀਂ ਥਿਊਰੀ ਕੀਤੀ ਪੇਸ਼



**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਇਥੇ ਕਿਹਾ ਕਿ ਸਾਡੀ ਸਰਕਾਰ ਵਲੋਂ ਪੰਜਾਬ ਦੇ ਲੋਕਾਂ ਲਈ ਕੀਤੇ ਜਾ ਰਹੇ ਕੰਮਾਂ ਨੂੰ ਚੁਣੌਤੀ ਦੇਣ ’ਚ ਨਾਕਾਮ ਰਹਿਣ ਦੇ ਚੱਲਦਿਆਂ ਰਾਜਨੀਤਿਕ ਵਿਰੋਧੀਆਂ ਵਲੋਂ ਉਨ੍ਹਾਂ ਨੂੰ ਬਦਨਾਮ ਕਰਨ ਲਈ ਜਾਣ-ਬੁੱਝ ਕੇ ਇਕ ਨਕਲੀ ਵੀਡੀਓ ਬਣਾ ਕੇ ਪ੍ਰਸਾਰਿਤ ਕੀਤੀ ਗਈ ਹੈ। ਵਿਰੋਧੀ ਧਿਰ ’ਤੇ ਧਰਮ ਦੇ ਨਾਂਅ ’ਤੇ ਲੋਕਾਂ ਨੂੰ ਗੁਮਰਾਹ ਅਤੇ ਨੀਵੇਂ ਦਰਜੇ ਦੀ ਰਾਜਨੀਤੀ ਕਰਨ ਦਾ ਦੋਸ਼ ਲਗਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਜਿਨ੍ਹਾਂ ਕੋਲ ਸਾਡੀ ਸਰਕਾਰ ਵਿਰੁੱਧ ਕੋਈ ਮੁੱਦਾ ਨਹੀਂ ਬਚਿਆ, ਉਹ ਹੁਣ ਮਨਘੜਤ ਪ੍ਰਚਾਰ ਰਾਹੀਂ ਮੇਰੇ ਅਕਸ ਨੂੰ ਖ਼ਰਾਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਨਾਨਕ ਨਾਮ ਲੇਵਾ ਸੰਗਤ ਦੀ ਸੂਝ-ਬੂਝ ’ਚ ਪੂਰਾ ਵਿਸ਼ਵਾਸ ਜਤਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਅੰਤ ’ਚ ਜਿੱਤ ਸੱਚ ਦੀ ਹੀ ਹੋਵੇਗੀ ਅਤੇ ਉਹ ਅੰਤਿਮ ਫ਼ੈਸਲਾ ਸੰਗਤ ’ਤੇ ਛੱਡਦੇ ਹਨ। ਉਨ੍ਹਾਂ ਕਿਹਾ ਕਿ ਮੇਰਾ ਧਿਆਨ ਲੋਕਾਂ ਨੂੰ ਬਿਜਲੀ, ਪਾਣੀ, ਸੜਕਾਂ, ਹਸਪਤਾਲ, ਆਮ ਆਦਮੀ ਕਲੀਨਿਕਾਂ ਅਤੇ ਰੋਜ਼ਗਾਰ ਵਰਗੀਆਂ ਸਹੂਲਤਾਂ ਦੇਣ ’ਤੇ ਕੇਂਦਰਿਤ ਰਹੇਗਾ ਅਤੇ ਸੱਚ-ਝੂਠ ਦਾ ਫ਼ੈਸਲਾ ਲੋਕ ਕਰਨਗੇ। ਇਕ ਵੀਡੀਓ ਸੰਦੇਸ਼ ਵਿਚ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪਿਛਲੇ ਕੁੱਝ ਦਿਨਾਂ ਤੋਂ ਬੇਹੱਦ ਨੀਵੇਂ ਦਰਜੇ ਦੀ ਰਾਜਨੀਤਿਕ ਸਾਜਿਸ਼ ਦੇ ਹਿੱਸੇ ਵਜੋਂ ਉਨ੍ਹਾਂ ਦੀਆਂ ਨਕਲੀ ਵੀਡੀਓਜ਼ ਪ੍ਰਸਾਰਿਤ ਕੀਤੀਆਂ ਗਈਆਂ ਹਨ। ਹਾਲ ਹੀ ’ਚ ਪ੍ਰਸਾਰਿਤ ਵੀਡੀਓ ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਵਾਇਰਲ ਵੀਡੀਓ ’ਚ ਦਿਖਾਈ ਦੇ ਰਹੇ ਸਖ਼ਸ਼ ਦੀ ਸਰੀਰਕ ਦਿੱਖ, ਕੱਦ-ਕਾਠੀ, ਚੱਲਣ ਅਤੇ ਵਿਚਰਨ ਦਾ ਤਰੀਕਾ ਕਿਸੇ ਵੀ ਪੱਖੋਂ ਉਨ੍ਹਾਂ ਨਾਲ ਮੇਲ ਨਹੀਂ ਖਾਂਦਾ। ਫਿਰ ਵੀ ਮੇਰੇ ਸਿਆਸੀ ਵਿਰੋਧੀ ਮੈਨੂੰ ਦੋਸ਼ੀ ਠਹਿਰਾਉਣ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਹੇ ਹਨ, ਪਰ ਲੋਕਾਂ ਅਤੇ ਸਿੱਖ ਭਾਈਚਾਰੇ ਨੇ ਇਹ ਵੀਡੀਓਜ਼ ਦੇਖ ਲਈਆਂ ਹਨ ਅਤੇ ਉਨ੍ਹਾਂ ਨੂੰ ਸਪੱਸ਼ਟ ਹੋ ਗਿਆ ਕਿ ਇਹ ਨਕਲੀ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਫੋਰੈਂਸਿਕ ਲੈਬਾਰਟਰੀਆਂ ਦੁਆਰਾ ਵੀਡੀਓ ਦੀ ਜਾਂਚ ਕਰਵਾਈ ਸੀ, ਪਰ ਹੁਣ ਉਨ੍ਹਾਂ ਲੈਬਾਰਟਰੀਆਂ ਨੂੰ ਹੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਜਪਾ, ਅਕਾਲੀ (ਬ) ਅਤੇ ਕਾਂਗਰਸ ਮੇਰੇ ਵਿਰੁੱਧ ਇੱਕਜੁੱਟ ਹੋ ਕੇ ਇਨ੍ਹਾਂ ਲੈਬਾਰਟਰੀਆਂ ਦੇ ਮਾਲਕਾਂ ਅਤੇ ਇਨ੍ਹਾਂ ਨੂੰ ਚਲਾਉਣ ਵਾਲੇ ਕਰਮੀਆਂ ਨੂੰ ਨਿਸ਼ਾਨਾ ਬਣਾ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਸ ਵਿਵਾਦ ਦੀ ਸਾਜ਼ਿਸ਼ ਮੇਰੇ ਰਾਜਨੀਤਿਕ ਵਿਰੋਧੀਆਂ ’ਤੇ ਹੀ ਉਲਟੀ ਪੈ ਗਈ ਹੈ ਅਤੇ ਲੋਕ ਇਹ ਜਾਅਲੀ ਵੀਡੀਓਜ਼ ਜਾਰੀ ਕਰਨ ਲਈ ਉਨ੍ਹਾਂ ਦੀ ਆਲੋਚਨਾ ਕਰ ਰਹੇ ਹਨ, ਜਿਸ ਕਰ ਕੇ ਉਹ ਹੁਣ ਨੀਵੇਂ ਦਰਜੇ ਦੀ ਸਿਆਸਤ ਕਰ ਰਹੇ ਹਨ। ਉਹ ਐਫ.ਆਈ.ਆਰ. ਦੀਆਂ ਧਮਕੀਆਂ ਅਤੇ ਦਬਾਅ ਦੀਆਂ ਚਾਲਾਂ ਰਾਹੀਂ ਲੈਬਾਰਟਰੀਆਂ ਦੇ ਮਾਲਕਾਂ ਨੂੰ ਡਰਾ ਰਹੇ ਹਨ ਅਤੇ ਇਹ ਦਾਅਵਾ ਕਰਨ ਲਈ ਮਜਬੂਰ ਕਰ ਰਹੇ ਹਨ ਕਿ ਉਨ੍ਹਾਂ ਨੂੰ ਝੂਠੀ ਰਿਪੋਰਟ ਤਿਆਰ ਕਰਨ ਲਈ ਪੈਸੇ ਦਿੱਤੇ ਗਏ ਸਨ।

# ਵਿਵਾਦਤ ਵੀਡੀਓ ਦਾ ਸੱਚ ਸਾਹਮਣੇ ਆਉਣ ਮਗਰੋਂ ਮੁੱਖ ਮੰਤਰੀ ਤੁਰੰਤ ਅਸਤੀਫ਼ਾ ਦੇਣ : ਧਾਮੀ



**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਵਿਵਾਦਿਤ ਵੀਡੀਓ ਸੰਬੰਧੀ ਕਥਿਤ ਤੌਰ ‘ਤੇ ਝੂਠੀ ਰਿਪੋਰਟ ਤਿਆਰ ਕਰਨ ਦੇ ਦੋਸ਼ਾਂ ਹੇਠ ਹਰਿਆਣਾ ਪੁਲਿਸ ਵਲੋਂ ਐਫ. ਆਈ.ਆਰ. ਦਰਜ ਹੋਣ ਮਗਰੋਂ ਮੁੱਖ ਮੰਤਰੀ ਨੂੰ ਅਹੁਦੇ ਤੋਂ ਤੁਰੰਤ ਅਸਤੀਫ਼ਾ ਦੇਣ ਦੀ ਮੰਗ ਕੀਤੀ ਹੈ। ਜਾਰੀ ਬਿਆਨ ਵਿਚ ਉਨ੍ਹਾਂ ਕਿਹਾ ਕਿ ਇਸ ਘਟਨਾ ਨੇ ਨਾ ਸਿਰਫ਼ ਪ੍ਰਸ਼ਾਸਨਿਕ ਭਰੋਸੇਯੋਗਤਾ ‘ਤੇ ਸਵਾਲ ਖੜ੍ਹੇ ਕੀਤੇ ਹਨ, ਸਗੋਂ ਲੋਕਤੰਤਰਿਕ ਸੰਸਥਾਵਾਂ ਦੀ ਨਿਰਪੱਖਤਾ ਅਤੇ ਪਾਰਦਰਸ਼ਤਾ ਨੂੰ ਲੈ ਕੇ ਵੀ ਚਿੰਤਾ ਪੈਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਸਿੱਖ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ। ਅਕਾਲ ਤਖ਼ਤ ਸਾਹਿਬ ਵਲੋਂ ਨਿਰਪੱਖਤਾ ਨਾਲ ਇਸ ਦੀ ਜਾਂਚ ਦੋ ਪ੍ਰਵਾਨਿਤ ਲੈਬਾਂ ਤੋਂ ਕਰਵਾਈ ਗਈ ਸੀ, ਪ੍ਰੰਤੂ ਭਗਵੰਤ ਸਿੰਘ ਮਾਨ ਨੇ ਆਪਣੀ ਗਲਤੀ ਮੰਨਣ ਦੀ ਬਜਾਏ ਅਕਾਲ ਤਖ਼ਤ ਸਾਹਿਬ ਨੂੰ ਚੁਣੌਤੀ ਦੇਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਛੇਵੇਂ ਪਾਤਿਸ਼ਾਹ ਵਲੋਂ ਸਥਾਪਿਤ ਤਖ਼ਤ ਹੈ, ਜਿਸ ਨਾਲ ਮੱਥਾ ਲਗਾਉਣ ਵਾਲੇ ਕਦੇ ਕਾਮਯਾਬ ਨਹੀਂ ਹੋਏ। ਪ੍ਰਧਾਨ ਧਾਮੀ ਨੇ ਕਿਹਾ ਕਿ ਹਰਿਆਣਾ ਪੁਲਿਸ ਵਲੋਂ ਐੱਫ.ਆਈ.ਆਰ. ਦਰਜ ਹੋਣ ਨਾਲ ਆਮ ਆਦਮੀ ਪਾਰਟੀ ਦਾ ਅਸਲ ਚਿਹਰਾ ਸਾਹਮਣੇ ਆਇਆ ਹੈ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਅਕਾਲ ਤਖ਼ਤ ਸਾਹਿਬ ਤੋਂ ਗੁਰੂ ਦੋਖੀ ਤੇ ਖ਼ਾਲਸਾ ਪੰਥ ਵਿਰੋਧੀ ਐਲਾਨੇ ਮੁੱਖ ਮੰਤਰੀ ਨੂੰ ਮੂੰਹ ਨਾ ਲਗਾਉਣ।

# ਗਿਰਗਟਾਂ ਵਰਗੇ ਰਿਸ਼ਤੇ



ਜਿਉਂਦਿਆਂ ਕੋਲ ਨਾ ਬੈਠੇ ਜਿਹੜੇ,
ਆ ਮਰਿਆਂ ਤੇ,ਬਹਿੰਦੇ ਨੇ
ਵਿੱਚ ਸ਼ਮਸ਼ਾਨਾਂ ਓਹੀ ਆ ਕੇ,
ਉੱਠਜਾ ਉੱਠਜਾ ,ਕਹਿੰਦੇ ਨੇ

ਕੱਲਿਆਂ ਛੱਡਕੇ ਤੁਰਗੇ ਜਿਹੜੇ,
ਰੋਕਿਆਂ ਵੀ ਜੋ,ਰੁਕੇ ਨਹੀਂ
ਅਰਥੀ ਨੂੰ ਹੱਥ ਪਾ ਕੇ ਓਹੀ,
ਰੁਕ ਜਾ ਰੁਕ ਜਾ ਕਹਿੰਦੇ ਨੇ

ਰੁੱਖ ਤਾਂ ਧੀਆਂ ਪੁੱਤਰਾਂ ਵਰਗੇ,
ਸਦਾ ਹੀ ਛਾਵਾਂ ਦਿੰਦੇ ਨੇ
ਅਕਸਰ ਰੁੱਖ ਨੂੰ ਦੇਖ ਪੰਜਾਬੀ,
ਸੁੱਕ ਜਾ ਸੁੱਕ ਜਾ ਕਹਿੰਦੇ ਨੇ

ਸਾਰੀ ਜਿੰਦਗੀ ਧੀਆਂ ਪੁੱਤਰਾਂ,
ਬਾਤ ਨਾ ਪੁੱਛੀ ਮਾਪਿਆਂ ਦੀ
ਥੁੱਕ ਲਗਾ ਕੇ ਅੱਖਾਂ ਤੇ ਉਹ,
ਲਵ ਯੂ ਲਵ ਯੂ ਕਹਿੰਦੇ ਨੇ

ਸੁਬਾਹ ਸਵੇਰੇ ਉੱਠਕੇ ਜਿਹੜੇ,
ਮੱਥਾ ਟੇਕਣ ਸੂਰਜ ਨੂੰ
ਡਾਣਸੀਵਾਲੀਆ ਆਥਣ ਵੇਲੇ,
ਛੁਪਜਾ ਛੁਪਜਾ ਕਹਿੰਦੇ ਨੇ

ਕੁਲਵੀਰ ਸਿੰਘ ਡਾਨਸੀਵਾਲ
778 863 2472


ANSATEL COMMUNICATIONS

Helping Lower Mainland Businesses Since 1983



Panasonic
ideas for life

- VOIP Telephone Systems
- VOIP Phone Lines
- Data & Telephone Cabling
- Automatic Call Distribution
- CTI (Computer Telephone Integration)
- Wireless & Corded Headsets
- Multiline Wireless Telephones
- Lease Or Rental Packages
- Service Other Makes & Models

Helping Lower Mainland Businesses Since 1983

*Customized Solutions to Suit Your Needs.*

604-872-6500

2148 Kingsway, Vancouver [ www.ansatel.com - info@ansatel.com

24/7 SALES & SERVICE

# ਪੰਜਾਬ ਕਾਂਗਰਸ ਵਲੋਂ ਮੁੱਖ ਮੰਤਰੀ ਦੇ ਬਾਈਕਾਟ ਦਾ ਐਲਾਨ



**ਚੰਡੀਗੜ੍ਹ:** ਪੰਜਾਬ ਕਾਂਗਰਸ ਨੇ ਗੁਰੂ ਸਾਹਿਬਾਨ ਦੀ ਬੇਅਦਬੀ ਦੇ ਮਾਮਲੇ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਖ਼ਿਲਾਫ਼ ਉੱਤਰਦਿਆਂ ਉਨ੍ਹਾਂ ਤੋਂ ਤੁਰੰਤ ਅਸਤੀਫ਼ੇ ਅਤੇ ਨਵੇਂ ਬੇਅਦਬੀ ਕਾਨੂੰਨ ਤਹਿਤ ਉਨ੍ਹਾਂ ਖ਼ਿਲਾਫ਼ ਐਫ.ਆਈ.ਆਰ. ਦਰਜ ਕਰਨ ਦੀ ਵੀ ਮੰਗ ਕੀਤੀ । ਪੰਜਾਬ ਕਾਂਗਰਸ ਭਵਨ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸਾਬਕਾ ਉੱਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਵਿਧਾਇਕ ਸੁਖਪਾਲ ਖਹਿਰਾ, ਪਰਗਟ ਸਿੰਘ ਅਤੇ ਏ.ਆਈ.ਸੀ.ਸੀ. ਦੇ ਖ਼ਜ਼ਾਨਚੀ ਵਿਜੈ ਇੰਦਰ ਸਿੰਗਲਾ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਮੁਤਾਬਕ ਭਗਵੰਤ ਮਾਨ ਦਾ ਪੂਰਨ ਤੌਰ 'ਤੇ ਸਮਾਜਿਕ ਬਾਈਕਾਟ ਕਰਨ । ਕਾਂਗਰਸੀ ਆਗੂਆਂ ਨੇ ਕਿਹਾ ਕਿ ਸਿੱਖ ਪੰਥ ਅਤੇ ਗੁਰੂ ਸਾਹਿਬਾਨ ਹਰ ਚੀਜ਼ ਤੋਂ ਉੱਪਰ ਹਨ । ਇਸ ਮੌਕੇ ਪੰਜਾਬ ਕਾਂਗਰਸ ਦੇ ਆਗੂਆਂ ਨੇ ਕਿਹਾ ਕਿ ਉਹ ਐਲਾਨ ਕਰਦੇ ਹਨ ਕਿ ਪੰਜਾਬ ਕਾਂਗਰਸ ਦਾ ਕੋਈ ਵੀ ਆਗੂ ਅਹੁਦੇਦਾਰ ਅਤੇ ਵਰਕਰ ਮੁੱਖ ਮੰਤਰੀ ਨਾਲ ਨਿੱਜੀ ਸਿਆਸੀ ਰਿਸ਼ਤਾ ਨਹੀਂ ਰੱਖੇਗਾ । ਪਾਰਟੀ ਆਗੂਆਂ ਨੇ ਪੰਜਾਬ ਪੁਲਿਸ ਦੇ ਉਨ੍ਹਾਂ ਦੋ ਅਫਸਰਾਂ ਨੂੰ ਵੀ ਬਰਖ਼ਾਸਤ ਕਰਨ ਦੀ ਮੰਗ ਕੀਤੀ ਹੈ, ਜਿਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਗਲਤ ਸਾਬਤ ਕਰਨ ਲਈ ਇਕ ਝੂਠੀ ਅਤੇ ਘੜੀ ਹੋਈ 'ਫੋਰੈਂਸਿਕ' ਰਿਪੋਰਟ ਤਿਆਰ ਕਰਵਾਈ। ਇਸ ਮੌਕੇ ਬੋਲਦਿਆਂ ਰਾਜਾ ਵੜਿੰਗ ਨੇ ਕਿਹਾ ਕਿ ਕਾਂਗਰਸ ਮੁੱਖ ਮੰਤਰੀ ਦੇ ਅਸਤੀਫ਼ੇ ਦੀ ਮੰਗ 'ਤੇ ਇਕਜੁੱਟ ਹੈ ਅਤੇ ਭਗਵੰਤ ਮਾਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋ ਕੇ ਮੁਆਫ਼ੀ ਮੰਗਣੀ ਚਾਹੀਦੀ ਹੈ । ਉਨ੍ਹਾਂ ਕਿਹਾ ਕਿ ਗੁਰੂਗ੍ਰਾਮ ਵਿਚ ਐਫ.ਆਈ.ਆਰ ਦਰਜ ਹੋਣ ਤੋਂ ਬਾਅਦ ਸਾਰੇ ਸ਼ੱਕ ਦੂਰ ਹੋ ਗਏ ਹਨ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਪਣੇ ਝੂਠ ਨੂੰ ਕਿਵੇਂ ਲੁਕਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਭਗਵੰਤ ਮਾਨ ਇਕ ਲਗਾਤਾਰ ਗਲਤੀਆਂ ਕਰਨ ਵਾਲੇ ਆਗੂ ਸਾਬਤ ਹੋਏ ਹਨ। ਉਨ੍ਹਾਂ ਨੇ ਮੁੱਖ ਮੰਤਰੀ ਨਾਲ ਜੁੜੀਆਂ ਕਈ ਅਜਿਹੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਮੌਜੂਦਾ ਮਾਮਲਾ ਸਭ ਤੋਂ ਵੱਧ ਨਾ ਮੁਆਫ਼ੀਯੋਗ ਹੈ।

ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਪਾਰਟੀ ਇਸ ਗੱਲ 'ਤੇ ਇਕਮਤ ਹੈ ਕਿ ਭਗਵੰਤ ਮਾਨ ਅਸਤੀਫ਼ਾ ਦੇਣ ਅਤੇ ਇਨ੍ਹਾਂ ਦੇ ਨਾਲ-ਨਾਲ ਹਰਪਾਲ ਚੀਮਾ, ਬਲਤੇਜ ਪੰਨੂ ਅਤੇ ਉਨ੍ਹਾਂ ਦੋ ਪੁਲਿਸ ਅਫ਼ਸਰਾਂ ਖ਼ਿਲਾਫ਼ ਵੀ ਐਫ.ਆਈ.ਆਰ ਦਰਜ ਹੋਵੇ, ਜਿਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਗਲਤ ਸਾਬਤ ਕਰਨ ਲਈ ਸਾਜਿਸ਼ ਰਚੀ ਸੀ। ਵਿਜੈ ਇੰਦਰ ਸਿੰਗਲਾ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਮੁੱਖ ਮੰਤਰੀ ਨੂੰ ਆਪਣਾ ਪੱਖ ਰੱਖਣ ਲਈ ਪੂਰਾ ਮੌਕਾ ਦਿੱਤਾ ਸੀ। ਉਨ੍ਹਾਂ ਨੇ ਕਿਹਾ ਕਿ ਇਹ ਉਹੀ ਆਮ ਆਦਮੀ ਪਾਰਟੀ ਹੈ, ਜਿਸ ਨੇ ਪੁਰਾਣੇ ਬੇਅਦਬੀ ਨਾਲ ਸੰਬੰਧਿਤ ਮਾਮਲਿਆਂ ਵਿਚ ਇਨਸਾਫ਼ ਦਿਵਾਉਣ ਦੇ ਨਾਂਅ 'ਤੇ ਵੋਟਾਂ ਮੰਗੀਆਂ ਸਨ, ਪਰ ਹੁਣ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਟਕਰਾਅ ਦੇ ਰਾਹ 'ਤੇ ਹੈ। ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਭਗਵੰਤ ਮਾਨ ਸਿੱਧੇ ਤੌਰ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਧਿਕਾਰ ਨੂੰ ਚੁਣੌਤੀ ਦੇ ਰਹੇ ਹਨ। ਉਨ੍ਹਾਂ ਨੇ ਮੁੱਖ ਮੰਤਰੀ ਦੇ ਅਸਤੀਫ਼ੇ ਅਤੇ ਨਵੇਂ ਬੇਅਦਬੀ ਕਾਨੂੰਨ ਤਹਿਤ ਐਫ.ਆਈ.ਆਰ. ਦਰਜ ਕਰਨ ਦੀ ਮੰਗ ਦੁਹਰਾਈ।

# ਕਾਂਗਰਸੀ ਵਿਧਾਇਕਾਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਵਾਂਗਾ ਪੇਸ਼-ਬਾਜਵਾ

**ਅੰਮ੍ਰਿਤਸਰ:** ਮਾਝੇ ਦੀ ਸਮੁੱਚੀ ਕਾਂਗਰਸ ਲੀਡਰਸ਼ਿਪ ਦੀ ਮੌਜੂਦਗੀ 'ਚ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਖੁਲਾਸਾ ਕੀਤਾ ਕਿ ਉਹ ਕਾਂਗਰਸ ਦੇ ਵਿਧਾਇਕਾਂ ਸਮੇਤ 29 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਰਹੇ ਹਨ ਜਿਥੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਵਲੋਂ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ ਪਾਸ ਹੋਣ ਉਪਰੰਤ ਸੱਤਾਧਾਰੀ ਤੇ ਵਿਰੋਧੀ ਧਿਰ ਦੇ ਵਿਧਾਇਕਾਂ ਨੂੰ ਸਪੱਸ਼ਟੀਕਰਨ ਲਈ ਜਵਾਬ ਤਲਬੀ ਕੀਤੇ ਜਾਣ ਲਈ ਪੇਸ਼ ਹੋਣ ਲਈ ਤਾਕੀਦ ਕੀਤੀ ਗਈ ਹੈ।

ਅੰਮ੍ਰਿਤਸਰ ਵਿਖੇ ਕਰਵਾਏ ਪੱਤਰਕਾਰ ਸੰਮੇਲਨ 'ਚ ਬਾਜਵਾ ਨੇ ਕਿਹਾ ਕਿ ਕਾਂਗਰਸ ਪਾਰਟੀ ਵਲੋਂ ਭਗਵੰਤ ਮਾਨ ਦਾ ਸਮਾਜਿਕ ਤੇ ਸਿਆਸੀ ਬਾਈਕਾਟ ਕੀਤਾ ਜਾ ਰਿਹਾ ਹੈ ਜਿਸ ਲਈ ਆਉਂਦੇ ਦੋ ਤਿੰਨ ਦਿਨਾਂ 'ਚ ਇਕ ਮੁਹਿੰਮ ਵੀ ਛੇੜੀ ਜਾ ਰਹੀ ਹੈ ।

ਉਨ੍ਹਾਂ ਹਰਿਆਣਾ ਪੁਲਿਸ ਵਲੋਂ ਫਰਜ਼ੀ ਲੈਬ ਰਿਪੋਰਟ ਦੇ ਮਾਮਲੇ 'ਚ ਦਰਜ ਮਾਮਲੇ 'ਚ ਕਿਹਾ ਕਿ ਇਸ ਲਈ ਸਿੱਧੇ ਤੌਰ 'ਤੇ ਆਮ ਆਦਮੀ ਪਾਰਟੀ ਦਾ ਮੁਖੀ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਮਾਨ ਤੇ ਲੁਧਿਆਣਾ ਦਾ ਪੁਲਿਸ ਕਮਿਸ਼ਨਰ ਤੇ ਇਕ ਐੱਸ ਪੀ. ਜ਼ਿੰਮੇਵਾਰ ਹੈ ਜਿਨ੍ਹਾਂ ਦਾ ਨਾਂਅ ਪਰਚੇ 'ਚ ਨਾਮਜ਼ਦ ਹੋਣਾ ਚਾਹੀਦਾ ਹੈ। ਇਸ ਮੌਕੇ ਉਨ੍ਹਾਂ ਨਾਲ ਸਾਬਕਾ ਉਪ ਮੁਖ ਮੰਤਰੀ ਓਮ ਪ੍ਰਕਾਸ਼ ਸੋਨੀ, ਸਾਬਕਾ ਲੋਕ ਸਭਾ ਮੈਂਬਰ ਜਸਬੀਰ ਸਿੰਘ ਡਿੰਪਾ, ਸਾਬਕਾ ਮੰਤਰੀ ਅਨਿਲ ਜੋਸ਼ੀ ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ, ਸੁਖਵਿੰਦਰ ਸਿੰਘ ਡੈਨੀ, ਸੰਤੋਖ ਸਿੰਘ ਭਲਾਈਪੁਰ, ਭਗਵੰਤਪਾਲ ਸਿੰਘ ਸੱਚਰ, ਸੁਨੀਲ ਦੱਤੀ, ਸੁਖਪਾਲ ਸਿੰਘ ਖਹਿਰਾ, ਵਿਕਾਸ ਸੋਨੀ, ਜੋਗਿੰਦਪਾਲ ਢੀਂਗਰਾ, ਅਸ਼ਵਨੀ ਪੱਪੂ ਆਦਿ ਆਗੂ ਹਾਜ਼ਰ ਸਨ।


ਕਿਸੇ ਵੀ ਤਰ੍ਹਾਂ ਦੀ ਇਮੀਗਰੇਸ਼ਨ ਸਬੰਧੀ ਸੇਵਾਵਾਂ ਲਈ ਅੱਜ ਹੀ ਸੰਪਰਕ ਕਰੋ

Transparent IMMIGRATION SERVICES INC



- Visitor Visa/Extension
- Super Visa
- Study Permit/ PGWP
- LMIA
- Work Permit
- Spousal Sponsorship
- Express Entry Application
- PR Application/Renewal
- Citizenship Application
- Family Sponsorship

Maninder Kaur (RCIC)

For more information Contact 778-951-8252

#219, 7928-128 St. Surrey, British Columbia, V3W 4E8

Email: info@transparentimmigration.com

CONNECT INSURANCE BROKERS INC.

ਸੁਪਰ ਵੀਜ਼ਾ ਇੰਸ਼ੋਰੈਂਸ

Autoplan [ Home [ Travel

Mortgage [ Tenant

Call Now: 604.553.6616

165-23233 Gilley Road

Richmond, BC V6V 1E6




WCC WESTERN COMMUNITY COLLEGE

REGISTERED MASSAGE THERAPIST

PROGRAM

START YOUR **RMT JOURNEY**

Gain hands-on training, in-depth knowledge, and clinical experience to become a licensed massage therapist in BC. Our RMT program prepares you for CCOA board exams and a successful career in healthcare.

**FLEXIBLE** SCHEDULES

**FINANCIAL AID** AVAILABLE

**97%** **GRADUATE** EMPLOYMENT RATE

**$80*** **HOURLY WAGE** AVERAGE

SURREY CAMPUS | 604.594.3500 | WCC.CA/RMT

SA
MEDIA GROUP

ਪੰਜਾਬੀ ਜਰਨਲ
DELTA OFFICE:
#3 7953 120 St. Delta
BC., V4C 6P6
Ph : **604-312-5678**
EMAIL:
punjabijournal@gmail.com
connect@asianjournal.ca

The publisher does not guarantee the insertion of any particular advertisement on a specified date, or at all. Further, the publisher does not accept liability for printing and beyond the amount for the space actually occupied by that portion of the advertisement in which error occurs. The publisher reserves the right to cancel any contact at any time.

**ਪੰਜਾਬੀ ਜਰਨਲ ਵਿਚ ਛਪੇ ਮੈਟਰ ਨਾਲ ਇਸ ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀ ਹੈ।**

RETURN UNDELIVERABLE TO
CIRCULATION WING
SA MEDIA GROUP
14308 62nd Ave.,
Surrey BC, V3S 0K5
PUBLICATION MAIL
Contract/Agreement
# is 41798524

1520799 BC Ltd
SA Media Group
(Punjabi Journal)
is not responsible or legally liable for any matter or typing mistake.

**Managing Director**
**SAHEBJIT SINGH RANDHAWA**

**For Advertising**
**Call 604-312-5678**

**Graphic Designer**
**Ashu Kashyap**

# ਘਰ ਦੀ ਅਦਿੱਖ ਨੀਂਹ ਹੁੰਦੈ ਪਿਤਾ



ਉਹ ਆਪਣੀਆਂ ਸਰੀਰਕ ਪੀੜਾਂ, ਮੌਸਮ ਦੀ ਮਾਰ, ਮਾਨਸਿਕ ਥਕਾਵਟ ਅਤੇ ਸਮਾਜਿਕ ਬੇਰੁਖ਼ੀ ਨੂੰ ਹੱਸ ਕੇ ਜਰਦਾ ਹੈ ਤਾਂ ਜੋ ਉਸ ਦੇ ਪਰਿਵਾਰ ਨੂੰ ਜ਼ਿੰਦਗੀ ਦੀਆਂ ਬੁਨਿਆਦੀ ਸਹੂਲਤਾਂ ਅਤੇ ਚੰਗੀ ਵਿੱਦਿਆ ਦੀ ਕਦੇ ਕੋਈ ਕਮੀ ਮਹਿਸੂਸ ਨਾ ਹੋਵੇ। ਸਮਾਜਿਕ ਅਤੇ ਪਰਿਵਾਰਕ ਜੀਵਨ ’ਚ ਮਾਂ ਦੇ ਹੰਝੂ, ਉਸ ਦੀਆਂ ਲੋਰੀਆਂ ਅਤੇ ਉਸ ਦਾ ਪ੍ਰਗਟਾਵਾ ਅਕਸਰ ਸਭ ਨੂੰ ਆਸਾਨੀ ਨਾਲ ਦਿਖਾਈ ਦੇ ਜਾਂਦੇ ਹਨ ਪਰ ਪਿਤਾ ਦਾ ਤਿਆਗ ਅਤੇ ਉਸ ਦਾ ਦਰਦ ਬਹੁਤ ਖ਼ਾਮੋਸ਼ ਅਤੇ ਅੰਤਰਮੁਖੀ ਹੁੰਦਾ ਹੈ।

ਕਿਸੇ ਵੀ ਮਨੁੱਖ ਦੇ ਜੀਵਨ ਦੀ ਸਿਰਜਣਾ, ਹੋਂਦ ਤੇ ਉਸ ਦੇ ਸਰਵਪੱਖੀ ਵਿਕਾਸ ’ਚ ਮਾਂ-ਬਾਪ ਦੋਵਾਂ ਦਾ ਯੋਗਦਾਨ ਬਰਾਬਰ ਹੁੰਦਾ ਹੈ। ਜਿੱਥੇ ਮਾਂ ਨੂੰ ਮਮਤਾ, ਕੋਮਲਤਾ, ਸਬਰ ਤੇ ਸੰਸਕਾਰਾਂ ਦੀ ਪਹਿਲੀ ਲੋਰੀ ਮੰਨਿਆ ਜਾਂਦਾ ਹੈ, ਉੱਥੇ ਹੀ ਪਿਤਾ ਉਸ ਮਜ਼ਬੂਤ ਓਟ, ਉੱਚੀ ਕੰਧ ਜਾਂ ਅਡੋਲ ਛੱਤ ਵਾਂਗ ਹੁੰਦਾ ਹੈ , ਜੋ ਪੂਰੇ ਪਰਿਵਾਰ ਨੂੰ ਹਰ ਤਰ੍ਹਾਂ ਦੇ ਸਮਾਜਿਕ ਝੱਖੜਾਂ, ਆਰਥਿਕ ਮੁਸੀਬਤਾਂ ਤੇ ਚੁਣੌਤੀਆਂ ਤੋਂ ਬਚਾ ਕੇ ਰੱਖਦਾ ਹੈ। ਸਾਡੇ ਸਮਾਜਿਕ ਤਾਣੇ-ਬਾਣੇ ਵਿਚ ਪਿਤਾ ਘਰ ਦੀ ਉਹ ਅਦਿੱਖ ਨੀਂਹ ਹੈ, ਜੋ ਖ਼ੁਦ ਜ਼ਮੀਨ ਅੰਦਰ ਧਸ ਕੇ, ਅੱਖਾਂ ਤੋਂ ਓਹਲੇ ਰਹਿ ਕੇ ਪੂਰੀ ਇਮਾਰਤ ਦਾ ਭਾਰ ਆਪਣੇ ਮੋਢਿਆਂ ’ਤੇ ਚੁੱਕੀ ਰੱਖਦੀ ਹੈ।

ਹਰ ਸਾਲ ਜੂਨ ਮਹੀਨੇ ਦੇ ਤੀਜੇ ਐਤਵਾਰ ਨੂੰ ਦੁਨੀਆ ਭਰ ਵਿਚ ‘ਪਿਤਾ ਦਿਵਸ’ ਬਹੁਤ ਹੀ ਸਤਿਕਾਰ, ਸਨੇਹ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਸ ਵਿਸ਼ੇਸ਼ ਦਿਨ ਨੂੰ ਮਨਾਉਣ ਦੀ ਸ਼ੁਰੂਆਤ ਵੀਹਵੀਂ ਸਦੀ ਦੇ ਮੁੱਢਲੇ ਦਹਾਕਿਆਂ ’ਚ ਅਮਰੀਕਾ ਤੋਂ ਹੋਈ ਸੀ, ਜਿੱਥੇ ਸੋਨੋਰਾ ਸਮਾਰਟ ਡੋਡ ਨਾਂ ਦੀ ਇਕ ਸੁਚੇਤ ਧੀ ਨੇ ਆਪਣੇ ਪਿਤਾ ਦੇ ਮਹਾਨ ਤਿਆਗ ਨੂੰ ਸਨਮਾਨਿਤ ਕਰਨ ਲਈ ਵਿਸ਼ਾਲ ਮੁਹਿੰਮ ਵਿੱਢੀ ਸੀ। ਉਸ ਦੇ ਪਿਤਾ ਨੇ ਮਾਂ ਦੀ ਬੇਵਕਤੀ ਮੌਤ ਤੋਂ ਬਾਅਦ ਇਕੱਲਿਆਂ ਹੀ, ਬਿਨਾਂ ਕਿਸੇ ਸ਼ਿਕਾਇਤ ਦੇ, ਆਪਣੇ ਛੇ ਛੋਟੇ ਬੱਚਿਆਂ ਨੂੰ ਮਾਂ ਅਤੇ ਪਿਤਾ ਦੋਵਾਂ ਦਾ ਪਿਆਰ ਦੇ ਕੇ ਪਾਲ਼ਿਆ ਸੀ। ਅੱਜ ਇਹ ਦਿਨ ਪੂਰੀ ਦੁਨੀਆ ’ਚ ਭੂਗੋਲਿਕ ਹੱਦਾਂ ਨੂੰ ਪਾਰ ਕਰ ਕੇ, ਹਰ ਪਿਤਾ ਦੇ ਨਿਰਸਵਾਰਥ ਪਿਆਰ ਤੇ ਜੀਵਨ-ਘਾਲਣਾ ਨੂੰ ਸਜਦਾ ਕਰਨ ਦਾ ਵਿਸ਼ੇਸ਼ ਤੇ ਸਾਰਥਕ ਜ਼ਰੀਆ ਬਣ ਚੁੱਕਾ ਹੈ।

ਪਿਤਾ ਦਾ ਸਾਰਾ ਜੀਵਨ ਅਣਥੱਕ ਮਿਹਨਤ, ਬੇਅੰਤ ਸਬਰ ਤੇ ਸਿਰੜ ਦੀ ਲੰਮੀ ਖ਼ਾਮੋਸ਼ ਦਾਸਤਾਨ ਹੁੰਦਾ ਹੈ। ਉਹ ਚਾਹੇ ਖੇਤਾਂ ’ਚ ਕੜਕਦੀ ਧੁੱਪ ਜਾਂ ਹੱਡ-ਚੀਰਵੀਂ ਠੰਢ ’ਚ ਹਲ਼ ਵਾਹੁੰਦਾ ਤੇ ਮੁੜ੍ਹਕਾ ਵਹਾਉਂਦਾ ਅੰਨਦਾਤਾ ਕਿਸਾਨ ਹੋਵੇ, ਦਫ਼ਤਰਾਂ ਦੇ ਬੰਦ ਕਮਰਿਆਂ ’ਚ ਦੇਰ ਰਾਤ ਤੱਕ ਫਾਈਲਾਂ ਫਰੋਲਦਾ ਕੋਈ ਮੁਲਾਜ਼ਮ, ਕਾਰਖਾਨਿਆਂ ’ਚ ਮਸ਼ੀਨਾਂ ਨਾਲ ਜੂਝਦਾ ਕਾਰੀਗਰ ਹੋਵੇ ਜਾਂ ਸੜਕਾਂ ’ਤੇ ਦਿਨ-ਰਾਤ ਬੋਝ ਚੁੱਕਦਾ ਕੋਈ ਮਜ਼ਦੂਰ ਹੋਵੇ, ਉਸ ਦੀਆਂ ਅੱਖਾਂ ਦਾ ਇੱਕੋ-ਇੱਕ ਨਿਸ਼ਾਨਾ ਆਪਣੇ ਬੱਚਿਆਂ ਦੇ ਭਵਿੱਖ ਨੂੰ ਰੁਸ਼ਨਾਉਣਾ ਅਤੇ ਉਨ੍ਹਾਂ ਦੇ ਰਾਹਾਂ ਵਿਚ ਸੁਖ ਸੇਜ ਵਿਛਾਉਣਾ ਹੁੰਦਾ ਹੈ। ਉਹ ਆਪਣੀਆਂ ਸਰੀਰਕ ਪੀੜਾਂ, ਮੌਸਮ ਦੀ ਮਾਰ, ਮਾਨਸਿਕ ਥਕਾਵਟ ਅਤੇ ਸਮਾਜਿਕ ਬੇਰੁਖ਼ੀ ਨੂੰ ਹੱਸ ਕੇ ਜਰਦਾ ਹੈ ਤਾਂ ਜੋ ਉਸ ਦੇ ਪਰਿਵਾਰ ਨੂੰ ਜ਼ਿੰਦਗੀ ਦੀਆਂ ਬੁਨਿਆਦੀ ਸਹੂਲਤਾਂ ਅਤੇ ਚੰਗੀ ਵਿੱਦਿਆ ਦੀ ਕਦੇ ਕੋਈ ਕਮੀ ਮਹਿਸੂਸ ਨਾ ਹੋਵੇ। ਸਮਾਜਿਕ ਅਤੇ ਪਰਿਵਾਰਕ ਜੀਵਨ ’ਚ ਮਾਂ ਦੇ ਹੰਝੂ, ਉਸ ਦੀਆਂ ਲੋਰੀਆਂ ਅਤੇ ਉਸ ਦਾ ਪ੍ਰਗਟਾਵਾ ਅਕਸਰ ਸਭ ਨੂੰ ਆਸਾਨੀ ਨਾਲ ਦਿਖਾਈ ਦੇ ਜਾਂਦੇ ਹਨ ਪਰ ਪਿਤਾ ਦਾ ਤਿਆਗ ਅਤੇ ਉਸ ਦਾ ਦਰਦ ਬਹੁਤ ਖ਼ਾਮੋਸ਼ ਅਤੇ ਅੰਤਰਮੁਖੀ ਹੁੰਦਾ ਹੈ। ਉਹ ਘਰ ਦਾ ਉਹ ਨਿਰਸਵਾਰਥ ਮੈਂਬਰ ਹੈ ਜੋ ਖ਼ੁਦ ਕਈ-ਕਈ ਸਾਲ ਪੁਰਾਣੇ ਕੱਪੜਿਆਂ, ਘਸੀ ਹੋਈ ਪੱਗ ਜਾਂ ਟੁੱਟੀ ਹੋਈ ਜੁੱਤੀ ਨਾਲ ਗੁਜ਼ਾਰਾ ਕਰ ਲਵੇਗਾ ਪਰ ਬੱਚਿਆਂ ਦੇ ਸਕੂਲ-ਕਾਲਜ ਦੀ ਫ਼ੀਸ, ਉਨ੍ਹਾਂ ਦੀਆਂ ਕਿਤਾਬਾਂ, ਨਵੇਂ ਕੱਪੜਿਆਂ ਜਾਂ ਤਿਉਹਾਰਾਂ ਦੇ ਚਾਅ ਨੂੰ ਕਦੇ ਵੀ ਅਧੂਰਾ ਨਹੀਂ ਛੱਡੇਗਾ।


ਉਹ ਆਪਣੀਆਂ ਆਰਥਿਕ ਤੰਗੀਆਂ, ਕਰਜ਼ਿਆਂ ਦੇ ਬੋਝ ਅਤੇ ਭਵਿੱਖ ਦੀਆਂ ਚਿੰਤਾਵਾਂ ਨੂੰ ਆਪਣੇ ਸੀਨੇ ਦੇ ਕਿਸੇ ਗੁਪਤ ਕੋਨੇ ’ਚ ਦਬਾ ਕੇ ਰੱਖਦਾ ਹੈ ਅਤੇ ਘਰ ਦੇ ਬੂਹੇ ’ਤੇ ਪਹੁੰਚਦਿਆਂ ਹੀ ਆਪਣੀਆਂ ਸਾਰੀਆਂ ਪਰੇਸ਼ਾਨੀਆਂ ਨੂੰ ਨਿੱਘੀ ਅਤੇ ਭਰੋਸੇਮੰਦ ਮੁਸਕਰਾਹਟ ਦੇ ਮੁਖੌਟੇ ਪਿੱਛੇ ਲੁਕਾ ਲੈਂਦਾ ਹੈ ਤਾਂ ਜੋ ਘਰ ’ਚ ਡਰ ਜਾਂ ਸਹਿਮ ਦਾ ਮਾਹੌਲ ਨਾ ਬਣੇ।

ਪਿਤਾ ਬੱਚੇ ਦੀ ਜ਼ਿੰਦਗੀ ਦੀ ਪਾਠਸ਼ਾਲਾ ਦਾ ਪਹਿਲਾ ਅਧਿਆਪਕ ਤੇ ਸਭ ਤੋਂ ਵੱਡਾ ਵਿਹਾਰਕ ਰੋਲ ਮਾਡਲ ਹੁੰਦਾ ਹੈ। ਬਚਪਨ ਦੇ ਉਨ੍ਹਾਂ ਦਿਨਾਂ ’ਚ ਉਸ ਦੀ ਮਜ਼ਬੂਤ ਉਂਗਲ ਜਾਂ ਬਾਂਹ ਫੜ ਕੇ ਮੇਲਿਆਂ ’ਚ ਘੁੰਮਣਾ, ਸਾਈਕਲ ਦੇ ਪਿੱਛੇ ਦੌੜਦੇ ਹੋਏ ਸਾਨੂੰ ਸੰਤੁਲਨ ਸਿਖਾਉਣਾ, ਡਿੱਗਣ ’ਤੇ ਮੁੜ ਖੜ੍ਹੇ ਹੋਣ ਦਾ ਹੌਸਲਾ ਦੇਣਾ ਤੇ ਅਸਫਲਤਾਵਾਂ ਤੋਂ ਨਾ ਘਬਰਾਉਣ ਦੀ ਗੁੜ੍ਹਤੀ ਦੇਣੀ, ਇਹ ਸਭ ਜੀਵਨ ਦੇ ਅਜਿਹੇ ਅਹਿਮ ਸਬਕ ਹਨ ਜੋ ਦੁਨੀਆ ਦੀ ਕੋਈ ਵੀ ਮਹਿੰਗੀ ਕਿਤਾਬ ਜਾਂ ਯੂਨੀਵਰਸਿਟੀ ਨਹੀਂ ਸਿਖਾ ਸਕਦੀ। ਪਿਤਾ ਬੱਚੇ ਨੂੰ ਸਿਰਫ਼ ਰਸਤਾ ਹੀ ਨਹੀਂ ਦਿਖਾਉਂਦਾ ਬਲਕਿ ਉਹ ਸਮਾਜ ’ਚ ਵਿਚਰਨ ਵੱਲ, ਲੋਕਾਂ ਦੀ ਪਰਖ਼ ਕਰਨ ਦੀ ਸੂਝ ਤੇ ਸਿਰ ਉੱਚਾ ਕਰ ਕੇ ਇੱਜ਼ਤ ਨਾਲ ਜਿਊਣ ਦੀ ਵਿਹਾਰਕ ਸੂਝ-ਬੂਝ ਦਿੰਦਾ ਹੈ, ਜੋ ਉਮਰ ਭਰ ਬੱਚੇ ਦੇ ਕੰਮ ਆਉਂਦੀ ਹੈ। ਸਾਡੇ ਪਰਿਵਾਰਾਂ ‘ਚ ਆਮ ਤੌਰ ’ਤੇ ਪਿਤਾ ਨੂੰ ਸਖ਼ਤ, ਗੰਭੀਰ ਜਾਂ ਬਹੁਤ ਜ਼ਿਆਦਾ ਅਨੁਸ਼ਾਸਨਪਸੰਦ ਸ਼ਖ਼ਸੀਅਤ ਵਜੋਂ ਪੇਸ਼ ਕੀਤਾ ਜਾਂਦਾ ਹੈ, ਜਿਸ ਕਾਰਨ ਬੱਚੇ ਅਕਸਰ ਉਨ੍ਹਾਂ ਨਾਲ ਗੱਲ ਕਰਨ ਤੋਂ ਝਿਜਕਦੇ ਹਨ ਪਰ ਸੱਚਾਈ ਇਹ ਹੈ ਕਿ ਉਸ ਦੀ ਇਸ ਬਾਹਰੀ ਸਖ਼ਤੀ ਅਤੇ ਗੰਭੀਰ ਚਿਹਰੇ ਦੇ ਪਿੱਛੇ ਬੱਚਿਆਂ ਲਈ ਬੇਅੰਤ ਫ਼ਿਕਰ, ਅਥਾਹ ਮੋਹ ਤੇ ਉਨ੍ਹਾਂ ਨੂੰ ਸੁਰੱਖਿਅਤ ਦੇਖਣ ਦੀ ਤਮੰਨਾ ਛੁਪੀ ਹੁੰਦੀ ਹੈ। ਜਿਵੇਂ ਇਕ ਘੁਮਿਆਰ ਕੱਚੇ ਮਿੱਟੀ ਦੇ ਘੜੇ ਨੂੰ ਬਾਹਰੋਂ ਤਾਂ ਹੱਥ ਦੀ ਥਾਪੀ ਨਾਲ ਸਖ਼ਤੀ ਨਾਲ ਕੁੱਟਦਾ ਹੈ ਪਰ ਘੜੇ ਦੇ ਅੰਦਰੋਂ ਦੂਜੇ ਹੱਥ ਦਾ ਕੋਮਲ ਸਹਾਰਾ ਦੇ ਕੇ ਉਸ ਨੂੰ ਸੁਚੱਜੀ ਤੇ ਸੋਹਣੀ ਸ਼ਕਲ ਦਿੰਦਾ ਹੈ, ਬਿਲਕੁਲ ਉਵੇਂ ਹੀ ਪਿਤਾ ਦੀ ਡਾਂਟ, ਝਿੜਕ ਤੇ ਗੁੱਸਾ ਵੀ ਬੱਚਿਆਂ ਨੂੰ ਜ਼ਿੰਦਗੀ ਦੀਆਂ ਕੁਰਾਹਾਂ ’ਤੇ ਜਾਣ ਤੋਂ ਰੋਕਣ ਤੇ ਉਨ੍ਹਾਂ ਦੇ ਨੈਤਿਕ ਚਰਿੱਤਰ ਨੂੰ ਮਜ਼ਬੂਤ-ਫੌਲਾਦੀ ਬਣਾਉਣ ਲਈ ਹੁੰਦਾ ਹੈ।

ਸਮੇਂ ਦੇ ਬਦਲਦੇ ਵੇਗ ਦੇ ਨਾਲ ਅਜੋਕੇ ਦੌਰ ’ਚ ਪਿਤਾ ਦੀ ਪਰਿਵਾਰਕ ਭੂਮਿਕਾ ’ਚ ਬਹੁਤ ਹੀ ਖ਼ੂਬਸੂਰਤ, ਸਾਰਥਕ ਤੇ ਹਾਂ-ਪੱਖੀ ਬਦਲਾਅ ਦੇਖਣ ਨੂੰ ਮਿਲ ਰਿਹਾ ਹੈ। ਅੱਜ ਦਾ ਪਿਤਾ ਸਿਰਫ਼ ਪਰਿਵਾਰ ’ਤੇ ‘ਹੁਕਮ ਚਲਾਉਣ ਵਾਲਾ ਸਖ਼ਤ ਮੁਖੀ’ ਜਾਂ ਸਿਰਫ਼ ਕਮਾ ਕੇ ਲਿਆਉਣ ਵਾਲੀ ਮਸ਼ੀਨ ਨਹੀਂ ਰਿਹਾ ਬਲਕਿ ਉਹ ਬੱਚਿਆਂ ਦਾ ਸਭ ਤੋਂ ਨਜ਼ਦੀਕੀ ਤੇ ਭਰੋਸੇਮੰਦ ਦੋਸਤ ਵੀ ਬਣ ਗਿਆ ਹੈ। ਪਿਤਾ ਪਰਿਵਾਰ ਨੂੰ ਸਿਰਫ਼ ਆਰਥਿਕ ਸੁਰੱਖਿਆ ਜਾਂ ਭੌਤਿਕ ਸਹੂਲਤਾਂ ਹੀ ਪ੍ਰਦਾਨ ਨਹੀਂ ਕਰਦਾ, ਬਲਕਿ ਉਹ ਬੱਚਿਆਂ ਦੀ ਮਾਨਸਿਕਤਾ ਨੂੰ ਆਪਣੀ ਅਮੀਰ ਵਿਰਾਸਤ, ਸੱਭਿਆਚਾਰਕ ਜੜ੍ਹਾਂ ਤੇ ਉੱਚੀਆਂ ਨੈਤਿਕ ਕਦਰਾਂ-ਕੀਮਤਾਂ ਨਾਲ ਵੀ ਜੋੜਦਾ ਹੈ । ਆਓ, ਇਸ ਪਿਤਾ ਦਿਵਸ ਦੇ ਸ਼ੁਭ ਮੌਕੇ ’ਤੇ ਅਸੀਂ ਸਾਰੇ ਆਪਣੇ ਪਿਤਾ ਨੂੰ ਇਹ ਪੱਕਾ ਵਿਸ਼ਵਾਸ ਦਿਵਾਈਏ ਕਿ ਉਨ੍ਹਾਂ ਦੇ ਦਿੱਤੇ ਹੋਏ ਉੱਚੇ ਸੰਸਕਾਰਾਂ, ਆਦਰਸ਼ਾਂ, ਅਣਖ ਅਤੇ ਖ਼ਾਨਦਾਨੀ ਇੱਜ਼ਤ ਨੂੰ ਅਸੀਂ ਕਦੇ ਵੀ ਠੇਸ ਨਹੀਂ ਲੱਗਣ ਦਿਆਂਗੇ ਤੇ ਉਨ੍ਹਾਂ ਦੇ ਮੁੜ੍ਹਕੇ ਦੀ ਹਰ ਇਕ ਬੂੰਦ ਦਾ ਮੁੱਲ ਆਪਣੇ ਸਫਲ, ਨੇਕ, ਇਮਾਨਦਾਰ ਤੇ ਪਰੋਪਕਾਰੀ ਜੀਵਨ ਰਾਹੀਂ ਚੁਕਾਉਣ ਦੀ ਨਿਰੰਤਰ ਕੋਸ਼ਿਸ਼ ਕਰਾਂਗੇ। ਦੁਨੀਆ ਦੇ ਹਰ ਪਿਤਾ ਦੇ ਸਿਰੜ ਅਤੇ ਜਜ਼ਬੇ ਨੂੰ ਦਿਲੋਂ ਸਲਾਮ!

**ਜਸਵਿੰਦਰ ਦੂਹੜਾ**

# ਅਪਰੇਸ਼ਨ ਥੀਏਟਰ ’ਚ ਰੋਬੋਟ ਦੀ ਐਂਟਰੀ



ਆਸਟਰੇਲੀਆ ਦੇ ਪਰਥ ਸ਼ਹਿਰ ਦੇ ਇੱਕ ਵੱਡੇ ਹਸਪਤਾਲ ਵਿੱਚ ਹੁਣ ਮਰੀਜ਼ਾਂ ਦੇ ਅਪਰੇਸ਼ਨ ਸਿਰਫ਼ ਡਾਕਟਰਾਂ ਵੱਲੋਂ ਹੀ ਨਹੀਂ, ਬਲਕਿ ਇੱਕ ਹਾਈ-ਟੈਕ ਰੋਬੋਟ ਦੀ ਮਦਦ ਨਾਲ ਵੀ ਕੀਤੇ ਜਾ ਰਹੇ ਹਨ। ਭਾਰਤੀ ਮੂਲ ਦੇ ਰੋਬੋਟਿਕ ਸਰਜਨ ਡਾ. ਮਨਮੀਤ ਸਲੂਜਾ ਨੇ ਦੱਸਿਆ ਕਿ ਇਹ ਨਵਾਂ ‘ਰੋਬੋਟਿਕ ਸਹਾਇਕ’ ਮੈਡੀਕਲ ਜਗਤ ਲਈ ਇੱਕ ਵੱਡਾ ਚਮਤਕਾਰ ਹੈ।

ਇਸ ਤਕਨੀਕ ਵਿੱਚ ਰੋਬੋਟ ਖ਼ੁਦ ਅਪਰੇਸ਼ਨ ਨਹੀਂ ਕਰਦਾ, ਬਲਕਿ ਡਾਕਟਰ ਇੱਕ ਹਾਈ-ਟੈਕ ਕੰਸੋਲ ‘ਤੇ ਬੈਠ ਕੇ ਇਸ ਨੂੰ ਕੰਟਰੋਲ ਕਰਦੇ ਹਨ। ਇਹ ਮਸ਼ੀਨ ਡਾਕਟਰਾਂ ਨੂੰ ਸਰੀਰ ਦੇ ਅੰਦਰੂਨੀ ਹਿੱਸਿਆਂ ਦੀ 3ਧ ਹਾਈ-ਡੈਫੀਨੇਸ਼ਨ ਵੀਡੀਓ ਦਿਖਾਉਂਦੀ ਹੈ। ਰੋਬੋਟ ਦੇ ਹੱਥ ਮਨੁੱਖੀ ਉਂਗਲਾਂ ਨਾਲੋਂ ਵੀ ਕਿਤੇ ਜ਼ਿਆਦਾ ਬਾਰੀਕੀ, ਸਥਿਰਤਾ ਅਤੇ ਲਚਕਤਾ ਨਾਲ ਕੰਮ ਕਰਦੇ ਹਨ, ਜਿਸ ਨਾਲ ਗ਼ਲਤੀ ਦੀ ਗੁੰਜਾਇਸ਼ ਨਾਮਾਤਰ ਰਹਿ ਜਾਂਦੀ ਹੈ। ਇਸ ਆਧੁਨਿਕ ਤਕਨੀਕ ਨਾਲ ਸਰੀਰ ‘ਤੇ ਬਹੁਤ ਹੀ ਛੋਟੇ ਚੀਰੇ (ਕੱਟ) ਲਗਾ ਕੇ ਗੁੰਝਲਦਾਰ ਸਰਜਰੀਆਂ ਕੀਤੀਆਂ ਜਾਂਦੀਆਂ ਹਨ। ਇਸ ਦਾ ਸਭ ਤੋਂ ਵੱਡਾ ਫ਼ਾਇਦਾ ਮਰੀਜ਼ਾਂ ਨੂੰ ਮਿਲ ਰਿਹਾ ਹੈ। ਅਪਰੇਸ਼ਨ ਦੌਰਾਨ ਖ਼ੂਨ ਦਾ ਵਹਾਅ ਤੇ ਦਰਦ ਬਹੁਤ ਘੱਟ ਹੁੰਦਾ ਹੈ ਅਤੇ ਇਨਫ਼ੈਕਸ਼ਨ ਦਾ ਖ਼ਤਰਾ ਟਲ ਜਾਂਦਾ ਹੈ। ਰਿਕਵਰੀ ਇੰਨੀ ਤੇਜ਼ ਹੁੰਦੀ ਹੈ ਕਿ ਮਰੀਜ਼ ਨੂੰ ਹਸਪਤਾਲ ਤੋਂ ਬਹੁਤ ਜਲਦੀ ਛੁੱਟੀ ਮਿਲ ਜਾਂਦੀ ਹੈ।

# ਇਮੋਸ਼ਨਲ ... ... ... ਫੂਲ !



ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਹੋਣ 'ਚ ਹੁਣ ਕੋਈ ਬਹੁਤਾ ਸਮਾਂ ਨਹੀਂ ਰਿਹਾ। ਸਿਆਸੀ ਮਾਹੌਲ ਭਖਣਾ ਸ਼ੁਰੂ ਹੋ ਗਿਆ ਹੈ ਅਤੇ ਸਿਆਸੀ ਆਗੂ ਆਪਣੀਆਂ ਵਿਰੋਧੀ ਪਾਰਟੀਆਂ ਦੇ ਆਗੂਆਂ ਵੱਲੋਂ ਦਿੱਤੇ ਜਾਂਦੇ ਬਿਆਨਾਂ ਤੇ ਕੀਤੀਆਂ ਜਾਂਦੀਆਂ ਟਿੱਪਣੀਆਂ ਉੱਤੇ ਤਿੱਖੀ ਨਜ਼ਰ ਰੱਖ ਰਹੇ ਹਨ। ਇਹੋ ਜਿਹੇ ਗਹਿਗੱਚ ਸਿਆਸੀ ਮਾਹੌਲ ਵਿੱਚ ਕਿਸੇ ਵੀ ਤਰ੍ਹਾਂ ਦਾ ਕੋਈ ਗ਼ਲਤ ਸ਼ਬਦ ਜਾਂ ਫਿਕਰਾ ਬੋਲਣ ਦਾ ਜੋਖ਼ਮ ਨਹੀਂ ਉਠਾਇਆ ਜਾ ਸਕਦਾ, ਪਰ ਜਦੋਂ ਕਿਸੇ ਕੋਲੋਂ ਅਜਿਹੀ ਉਕਾਈ ਹੋ ਜਾਂਦੀ ਹੈ ਤਾਂ ਉਹ ਤੁਰੰਤ ਵਿਰੋਧੀ ਪਾਰਟੀਆਂ ਦੀ ਫਾਇਰਿੰਗ ਦੀ ਜ਼ੱਦ 'ਚ ਆ ਜਾਂਦਾ ਹੈ। ਓਦਾਂ ਵੀ ਸਮਾਜਿਕ ਵਿਹਾਰ ਦਾ ਤਕਾਜ਼ਾ ਹੁੰਦਾ ਹੈ ਕਿ ਕੋਈ ਵੀ ਅਜਿਹੀ ਗੱਲ ਨਾ ਕੀਤੀ ਜਾਵੇ ਜੋ ਹੋਰਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਏ। ਇਹ ਨਿਯਮ ਸਭ ਤੋਂ ਵੱਧ ਸਿਆਸਤਦਾਨਾਂ 'ਤੇ ਲਾਗੂ ਹੁੰਦਾ ਹੈ।

ਚੰਡੀਗੜ੍ਹ ਦੇ ਭਾਜਪਾ ਪ੍ਰਧਾਨ ਜਤਿੰਦਰ ਪਾਲ ਮਲਹੋਤਰਾ ਨੇ ਹਾਲ ਹੀ ਵਿੱਚ ਪੰਜਾਬ ਯੂਨੀਵਰਸਿਟੀ 'ਚ ਕਰਵਾਏ ਗਏ 'ਖੇਲੋ ਚੰਡੀਗੜ੍ਹ ਗੇਮਜ਼-2026' ਦੇ ਸਮਾਪਤੀ ਸਮਾਗਮ ਦੌਰਾਨ ਇਨਾਮਾਂ ਦੀ ਵੰਡ ਕਰਨ ਮੌਕੇ ਦਿੱਤੇ ਭਾਸ਼ਣ ਵਿੱਚ ਕਿਹਾ, ''ਜੋ ਪੰਜਾਬੀ ਹੋਤੇ ਹੈ ਨਾ, ਵੋ ਇਮੋਸ਼ਨਲ ਬਲੱਡੀ ਫੂਲ ਹੋਤੇ ਹੈ।'' ਜਦੋਂ ਕਿਸੇ ਜਨਤਕ ਮੰਚ 'ਤੇ ਖੜ੍ਹੇ ਹੋ ਕੇ ਤੁਸੀਂ ਪੰਜਾਬੀਆਂ ਲਈ ਅਜਿਹੇ ਸ਼ਬਦ ਵਰਤ ਲਏ ਤਾਂ ਵਿਰੋਧੀ ਸਿਆਸੀ ਪਾਰਟੀਆਂ ਨੇ ਤਾਂ ਅਜਿਹੇ ਬਿਆਨ ਨੂੰ ਚੁੱਕਣਾ ਹੀ ਸੀ ਅਤੇ ਉਨ੍ਹਾਂ ਚੁੱਕ ਵੀ ਲਿਆ। ਸਮੁੱਚੇ ਸੋਸ਼ਲ ਮੀਡੀਆ 'ਤੇ ਉਨ੍ਹਾਂ ਦੇ ਪੰਜਾਬੀਆਂ ਦੇ ਵਿਰੋਧੀ ਹੋਣ ਦਾ ਰੌਲਾ ਪੈ ਗਿਆ। ਵੱਖ ਵੱਖ ਚੈਨਲਾਂ ਨੇ ਉਨ੍ਹਾਂ ਤੋਂ ਇਸ ਬਾਰੇ ਸਵਾਲ ਪੁੱਛਣੇ ਸ਼ੁਰੂ ਕਰ ਦਿੱਤੇ। ਉਨ੍ਹਾਂ ਆਪਣੇ ਜਵਾਬ 'ਚ ਬਥੇਰੀਆਂ ਦਲੀਲਾਂ ਅਤੇ ਸਫ਼ਾਈਆਂ ਦਿੱਤੀਆਂ, ''ਮੈਂ ਤਾਂ ਖ਼ੁਦ ਪੰਜਾਬੀ ਹਾਂ, ਮੈਂ ਤਾਂ ਆਪਣੇ ਬਾਰੇ ਕਿਹਾ ਸੀ ਕਿ ਪੰਜਾਬੀ ਇਮੋਸ਼ਨਲ (ਭਾਵੁਕ) ਹੁੰਦੇ ਨੇ।'' ਪਰ ਐਂਕਰ ਘੁਮਾ ਫਿਰਾ ਕੇ ਫਿਰ ਉਹੀ ਸਵਾਲ ਕਰਨ ਕਿ ਤੁਸੀਂ ਤਾਂ 'ਪੰਜਾਬੀਆਂ' ਬਾਰੇ ਟਿੱਪਣੀ ਕੀਤੀ ਹੈ। ਜਦੋਂ ਤੁਸੀਂ ਪੰਜਾਬੀਆਂ ਦੇ ਸੰਦਰਭ 'ਚ 'ਬਲੱਡੀ ਫੂਲ' ਕਹੋਗੇ ਤਾਂ ਇਹ ਸਮੁੱਚੇ ਪੰਜਾਬੀਆਂ 'ਤੇ ਹੀ ਲਾਗੂ ਮੰਨਿਆ ਜਾਵੇਗਾ।

ਜਤਿੰਦਰ ਪਾਲ ਮਲਹੋਤਰਾ ਵੱਲੋਂ ਵਾਰ ਵਾਰ ਇਹੀ ਕਿਹਾ ਜਾਂਦਾ ਰਿਹਾ, ''ਮੈਂ ਖ਼ੁਦ ਪੰਜਾਬੀ ਹਾਂ। ਮੈਂ ਉਨ੍ਹਾਂ ਨੂੰ ਕਿਹਾ ਕਿ ਅਸੀਂ ਪੰਜਾਬੀ ਏਦਾਂ ਦੇ ਹੀ ਹੁੰਦੇ ਹਾਂ। ਮੈਨੂੰ ਗੇਮਾਂ ਕਰਵਾਉਣ ਲਈ ਕਿਹਾ ਗਿਆ ਸੀ ਤੇ ਆਪਾਂ ਇਮੋਸ਼ਨਲ ਹੋ ਕੇ ਵੇਖੋ ਏਨੀਆਂ ਵੱਡੀਆਂ ਗੇਮਾਂ ਕਰਵਾ ਦਿੱਤੀਆਂ। ਮੈਂ ਕਿਸੇ ਕਮਿਊਨਿਟੀ (ਪੰਜਾਬੀ ਭਾਈਚਾਰਾ) ਨੂੰ ਨਹੀਂ ਕਿਹਾ, ਮੈਂ ਤਾਂ ਆਪਣੇ ਆਪ ਨੂੰ ਹੀ ਕਿਹਾ ਹੈ।''

ਐਂਕਰ ਨੇ ਜਦੋਂ ਮੁੜ ਉਨ੍ਹਾਂ ਨੂੰ ਘੇਰ ਕੇ ਪੁੱਛਿਆ ਕਿ 'ਬਲੱਡੀ ਫੂਲ' ਦਾ ਕੀ ਮਤਲਬ ਹੁੰਦਾ ਹੈ ਤਾਂ ਉਨ੍ਹਾਂ ਦਾ ਜਵਾਬ ਸੀ, ''ਬਲੱਡੀ ਫੂਲ ਸਾਡੇ ਵਰਗੇ ਹੁੰਦੇ ਨੇ ਮੂਰਖ ਬੰਦੇ ਜਿਹੜੇ ਲੱਗੇ ਰਹਿੰਦੇ ਨੇ (ਕੰਮ ਕਰਨ)।'' ਵਿਰੋਧੀ ਪਾਰਟੀਆਂ ਦਾ ਕਹਿਣਾ ਸੀ ਕਿ ਅਸਲ 'ਚ ਪੰਜਾਬੀਆਂ ਪ੍ਰਤੀ ਉਨ੍ਹਾਂ ਦੀ ਪਾਰਟੀ ਦੀ ਸੋਚ ਹੀ ਇਹੋ ਹੈ, ਜੋ ਉਸ ਸਮਾਗਮ ਦੌਰਾਨ ਜਤਿੰਦਰ ਪਾਲ ਮਲਹੋਤਰਾ ਦੀ ਜ਼ੁਬਾਨ 'ਤੇ ਆ ਗਈ ਹੈ।

ਪੰਜਾਬ ਚੋਣਾਂ ਦੇ ਮੱਦੇਨਜ਼ਰ ਭਾਜਪਾ ਨੇ ਸੂਬੇ 'ਚ ਆਪਣੇ ਸਾਰੇ ਘੋੜੇ ਖੋਲ੍ਹੇ ਹੋਏ ਹਨ। ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਨੇ ਪੰਜਾਬ ਦੇ ਤਿੰਨ ਰੋਜ਼ਾ ਦੌਰੇ ਤਹਿਤ ਸ਼ਨਿਚਰਵਾਰ ਦੀ ਸ਼ਾਮ ਅੰਮ੍ਰਿਤਸਰ ਪੁੱਜ ਕੇ ਪੰਜਾਬੀਆਂ ਦਾ ਦਿਲ ਪਾਰਟੀ ਪ੍ਰਤੀ ਮਾਇਲ ਕਰਨ ਲਈ ਆਪਣੀ ਫੇਰੀ ਦੀ ਸ਼ੁਰੂਆਤ ਦਰਬਾਰ ਸਾਹਿਬ ਮੱਥਾ ਟੇਕ ਕੇ ਕੀਤੀ। ਮੱਥਾ ਟੇਕਣ ਤੋਂ ਪਹਿਲਾਂ ਉਨ੍ਹਾਂ ਦੇ ਬਾਕਾਇਦਾ ਦਸਤਾਰ ਵੀ ਸਜਾਈ ਗਈ। ਉਨ੍ਹਾਂ ਦੀ ਪੰਜਾਬ ਫੇਰੀ ਦਾ ਮਕਸਦ ਪਾਰਟੀ ਦੇ ਸੂਬਾਈ ਆਗੂਆਂ ਨਾਲ ਮਿਲ ਬੈਠ ਕੇ ਸੂਬੇ 'ਚ ਜਿੱਤ ਦੇ ਰਾਹ ਪੈਣ ਲਈ ਰਣਨੀਤੀ ਉਲੀਕਣਾ ਹੈ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਤਾਂ ਜਦੋਂ ਵੀ ਕਿਸੇ ਸਮਾਗਮ 'ਚ ਹਿੱਸਾ ਲੈਣ ਲਈ ਪੰਜਾਬ ਆਉਂਦੇ ਹਨ ਤਾਂ ਅਕਸਰ ਪੱਗ ਬੰਨ੍ਹ ਕੇ ਹੀ ਆਉਂਦੇ ਹਨ ਅਤੇ ਪੰਜਾਬੀਆਂ ਨਾਲ ਬਹੁਤ ਤੇਹ-ਮੋਹ ਜਤਾਉਂਦੇ ਹਨ। ਅਸਲ ਵਿੱਚ ਤਿੰਨ ਖੇਤੀ ਕਾਨੂੰਨ ਵਾਪਸ ਕਰਵਾਉਣ ਲਈ ਸੰਘਰਸ਼ ਕਰਨ ਵਾਲੇ ਪੰਜਾਬ ਦੇ ਕਿਸਾਨਾਂ ਨੂੰ ਉਦੋਂ ਕੇਂਦਰ ਦੀ ਭਾਜਪਾ ਸਰਕਾਰ ਨੇ ਦਿੱਲੀ 'ਚ ਦਾਖ਼ਲ ਨਹੀਂ ਸੀ ਹੋਣ ਦਿੱਤਾ ਅਤੇ ਇਸ ਮਗਰੋਂ ਚੋਣਾਂ ਦੌਰਾਨ ਪੰਜਾਬ ਦੇ ਕਿਸਾਨਾਂ ਨੇ ਵੀ ਭਾਜਪਾ ਆਗੂਆਂ ਨੂੰ ਪਿੰਡਾਂ 'ਚ ਪੈਰ ਨਹੀਂ ਸੀ ਧਰਨ ਦਿੱਤਾ। ਪਰ ਹੁਣ ਭਾਜਪਾ ਪੰਜਾਬੀਆਂ ਅਤੇ ਉਨ੍ਹਾਂ ਦੀਆਂ ਵੋਟਾਂ ਤੱਕ ਪਹੁੰਚ ਬਣਾਉਣ ਲਈ ਹਰ ਹੀਲਾ ਵਸੀਲਾ ਵਰਤ ਰਹੀ ਹੈ। ਪਾਰਟੀ ਦਾ ਕੋਈ ਆਗੂ ਜਦੋਂ ਜਨਤਕ ਮੰਚ ਤੋਂ ਇਸ ਤਰ੍ਹਾਂ ਦਾ ਬਿਆਨ ਦੇ ਦੇਵੇ ਤਾਂ ਪਾਰਟੀ, ਜੋ ਆਪਣਾ ਅਕਸ ਬਦਲਣ ਅਤੇ ਖ਼ੁਦ ਨੂੰ ਪੰਜਾਬ ਹਿਤੈਸ਼ੀ ਦੱਸਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੀ ਹੋਵੇ, ਦੇ ਯਤਨਾਂ ਨੂੰ ਢਾਹ ਲੱਗਣੀ ਯਕੀਨੀ ਹੈ। ਇਸ ਵਿਵਾਦ ਨੂੰ ਵਧਦਾ ਦੇਖ ਅਤੇ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਜਤਿੰਦਰ ਪਾਲ ਮਲਹੋਤਰਾ ਨੇ ਵਾਰ ਵਾਰ ਆਪਣੇ ਸਹੀ ਹੋਣ ਦੇ ਦਾਅਵਿਆਂ ਦੇ ਬਾਵਜੂਦ ਇਹ ਕਹਿੰਦਿਆਂ ਮੁਆਫ਼ੀ ਮੰਗ ਲਈ ਹੈ ਕਿ ਜੇਕਰ ਇਸ ਨਾਲ ਕਿਸੇ ਦਾ ਦਿਲ ਦੁਖਿਆ ਹੈ ਜਾਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ ਤਾਂ ਉਹ ਉਸ ਲਈ ਮੁਆਫ਼ੀ ਮੰਗਦਾ ਹੈ।

ਅਜਿਹੇ ਭਾਜਪਾ ਆਗੂਆਂ ਦੀਆਂ ਕਲਾਸਾਂ ਲਗਾ ਕੇ ਉਨ੍ਹਾਂ ਨੂੰ ਪਾਰਟੀ ਦੇ ਸੀਨੀਅਰ ਆਗੂ ਅਤੇ ਸਾਬਕਾ ਪ੍ਰਧਾਨ ਮੰਤਰੀ ਮਰਹੂਮ ਸ੍ਰੀ ਅਟਲ ਬਿਹਾਰੀ ਵਾਜਪਾਈ ਦੇ ਭਾਸ਼ਣ ਸੁਣਾ ਕੇ ਇਹ ਗੱਲ ਸਿਖਾਈ ਜਾਣੀ ਚਾਹੀਦੀ ਹੈ ਕਿ ਆਪਣੀ ਗੱਲ ਨਫ਼ਾਸਤ ਤੇ ਸਲੀਕੇ ਨਾਲ ਕਿਵੇਂ ਕਰਨੀ ਹੁੰਦੀ ਹੈ। ਹੁਣ ਵਾਂਗ 'ਘਰ ਮੇਂ ਘੁਸ ਕੇ ਮਾਰੇਂਗੇ' ਵਾਲੇ ਬਿਰਤਾਂਤ ਦੀ ਬਜਾਏ 'ਘਰ ਮੇਂ ਘੁਸ ਕੇ' ਮਿੱਠੇ ਮਿੱਠੇ ਲਫ਼ਜ਼ਾਂ ਨਾਲ ਆਪਣੇ ਵਿਰੋਧੀ ਨੂੰ ਇਵੇਂ ਮਾਰਿਆ ਜਾਵੇ ਕਿ ਉਹ ਵੀ ਦਾਦ ਦੇਣੋਂ ਨਾ ਰਹਿ ਸਕੇ।

20 ਫਰਵਰੀ 1999 ਨੂੰ ਭਾਰਤ ਦੇ ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨਵੀਂ ਦਿੱਲੀ ਤੋਂ ਲਾਹੌਰ ਤੱਕ ਬੱਸ ਲੈ ਕੇ ਗਏ ਸਨ। ਵਾਹਗਾ ਸਰਹੱਦ 'ਤੇ ਪੁੱਜਣ ਤੋਂ ਪਹਿਲਾਂ ਹੀ ਦਹਿਸ਼ਤਗਰਦਾਂ ਨੇ ਜੰਮੂ ਡਿਵੀਜ਼ਨ ਵਿੱਚ 26 ਵਿਅਕਤੀਆਂ ਦੀ ਹੱਤਿਆ ਕਰ ਦਿੱਤੀ ਸੀ। ਇਨ੍ਹਾਂ ਹੱਤਿਆਵਾਂ ਦੇ ਖ਼ੌਫ਼ਨਾਕ ਸਾਏ ਹੇਠ ਹੀ ਉਹ ਪਾਕਿਸਤਾਨ 'ਚ ਦਾਖ਼ਲ ਹੋਏ। ਉਨ੍ਹਾਂ ਦੇ ਸਵਾਗਤੀ ਸਮਾਰੋਹ ਵਿੱਚ ਪਾਕਿਸਤਾਨੀ ਫ਼ੌਜ ਦੀਆਂ ਤਿੰਨੋਂ ਸੈਨਾਵਾਂ ਦੇ ਮੁਖੀ ਹਾਜ਼ਰ ਤਾਂ ਸਨ, ਪਰ ਉਨ੍ਹਾਂ ਨੇ ਵਾਜਪਾਈ ਨੂੰ ਸਲਾਮੀ ਨਾ ਦਿੱਤੀ। ਗੱਲ ਇੱਥੇ ਹੀ ਨਾ ਮੁੱਕੀ, ਵਾਜਪਾਈ ਦੇ ਮਾਣ 'ਚ ਲਾਹੌਰ ਦੇ ਕਿਲੇ 'ਚ ਦਾਅਵਤ ਰੱਖੀ ਗਈ ਸੀ। ਪ੍ਰਧਾਨ ਮੰਤਰੀ ਜਿੱਥੇ ਠਹਿਰੇ ਸੀ, ਉੱਥੇ ਉਨ੍ਹਾਂ ਨੂੰ ਕਿਲੇ ਵੱਲ ਰਵਾਨਾ ਹੋਣ ਲਈ ਕੋਈ ਦੋ ਘੰਟੇ ਉਡੀਕ ਕਰਨੀ ਪਈ। ਪਤਾ ਲੱਗਿਆ ਕਿ ਅਟਲ ਬਿਹਾਰੀ ਵਾਜਪਾਈ ਦੀ ਲਾਹੌਰ ਬੱਸ ਯਾਤਰਾ ਵਿਰੁੱਧ ਰੋਸ ਪ੍ਰਗਟਾਉਣ ਲਈ ਜਮਾਤ-ਏ-ਇਸਲਾਮੀ ਦੇ ਕਾਰਕੁਨਾਂ ਨੇ ਕਿਲੇ ਵੱਲ ਜਾਣ ਵਾਲੀ ਸੜਕ ਨੂੰ ਰੋਕਿਆ ਹੋਇਆ ਸੀ ਤੇ ਪਥਰਾਅ ਵੀ ਕੀਤਾ ਗਿਆ ਸੀ।

ਖ਼ੈਰ, ਇਨ੍ਹਾਂ ਸਾਰੀਆਂ ਘਟਨਾਵਾਂ ਦੇ ਮੱਦੇਨਜ਼ਰ ਅਗਲੇ ਦਿਨ ਹੋਣ ਵਾਲੇ ਸਵਾਗਤੀ ਸਮਾਰੋਹ 'ਚ ਵਾਜਪਾਈ ਵੱਲੋਂ ਦਿੱਤੇ ਗਏ ਭਾਸ਼ਨ ਵਿੱਚ ਕੋਈ ਤਲਖ਼ੀ, ਕੋਈ ਕੌੜਾ ਲਫਜ਼ ਸੁਣਨ ਨੂੰ ਨਹੀਂ ਮਿਲਿਆ। ਉਨ੍ਹਾਂ ਦਾ ਭਾਸ਼ਨ ਕੁਝ ਇਉਂ ਸੀ: ''ਮੁਝੇ ਆਪ ਕੇ ਬੀਚ ਆ ਕਰ ਬਹੁਤ ਖ਼ੁਸ਼ੀ ਹੁਈ ਹੈ। ਜਿਸ ਵਕਤ ਮੈਨੇ ਗਾਰਡ ਔਫ ਔਨਰ ਕਾ ਮੁਆਇਨਾ ਕੀਆ ਔਰ ਢਲਤੇ ਹੁਏ ਸੂਰਜ ਕਾ ਨਜ਼ਾਰਾ ਦੇਖਾ, ਉਸ ਵਕਤ ਮੇਰੇ ਦਿਲ ਮੇਂ ਮਿਲੇ ਜੁਲੇ ਜਜ਼ਬਾਤ ਉਠੇ। ਮੁਝੇ ਇਸ ਬਾਤ ਕੀ ਖ਼ੁਸ਼ੀ ਥੀ ਕਿ ਮੈਂ 21 ਸਾਲ ਕੇ ਬਾਅਦ (ਇਸ ਤੋਂ ਪਹਿਲਾਂ ਉਨ੍ਹਾਂ ਵਿਦੇਸ਼ ਮੰਤਰੀ ਵਜੋਂ ਫਰਵਰੀ 1978 'ਚ ਪਾਕਿਸਤਾਨ ਦਾ ਦੌਰਾ ਕੀਤਾ ਸੀ) ਫਿਰ ਸੇ ਅਮਨ ਔਰ ਦੋਸਤੀ ਕਾ ਪੈਗਾਮ ਲੇਕਰ ਆਪ ਕੇ ਬੀਚ ਆ ਰਹਾ ਹੂੰ, ਲੇਕਿਨ ਅਫਸੋਸ ਇਸ ਲੀਏ ਥਾ ਕਿ ਹਮਨੇ ਇਤਨਾ ਵਕਤ ਆਪਸੀ ਰੰਜਿਸ਼ ਔਰ ਕੜਵਾਹਟ ਮੇਂ ਬਿਤਾ ਦੀਆ।''

ਅੱਜ ਜਦੋਂ ਅਸੀਂ ਪਾਕਿਸਤਾਨ ਦੀ ਭੰਡੀ ਕਰਦਿਆਂ ਉਸ ਨੂੰ 'ਦਲਾਲ' ਮੁਲਕ ਕਹਿੰਦੇ ਹਾਂ ਤਾਂ ਅਸੀਂ ਸਮਝਦੇ ਹਾਂ ਕਿ ਅਸੀਂ ਉਸ ਨੂੰ ਠਿੱਠ ਕਰ ਦਿੱਤਾ ਹੈ ਪਰ ਵਾਜਪਾਈ ਨੇ ਆਪਣੇ ਸਾਰੇ ਤਲਖ਼ ਤਜਰਬਿਆਂ 'ਚੋਂ ਗੁਜ਼ਰਨ ਦੇ ਬਾਵਜੂਦ, ਉਸ ਮੌਕੇ ਜੋ ਕਿਹਾ ਉਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਕਿਸੇ ਨੂੰ ਨੀਵਾਂ ਦਿਖਾਏ ਬਗ਼ੈਰ ਆਪਣਾ ਕੱਦ ਬੁੱਤ ਕਿਵੇਂ ਉੱਚਾ ਕੀਤਾ ਜਾਂਦਾ ਹੈ। ਵਾਜਪਾਈ ਨੇ ਉਸ ਮੌਕੇ ਕਿਹਾ, ''ਭਾਰਤ ਔਰ ਪਾਕਿਸਤਾਨ ਜੈਸੇ ਦੋ ਮਹਾਨ ਦੇਸ਼ੋਂ ਕੇ ਬੀਚ 50 ਸਾਲੋਂ ਤੱਕ ਮਨਮੁਟਾਵ ਚਲਤਾ ਰਹੇ ਯੇਹ ਸ਼ੋਭਾ ਨਹੀਂ ਦੇਤਾ। ਹਮੇਂ ਇਸ ਬਾਤ ਕਾ ਖ਼ਿਆਲ ਰਖਨਾ ਹੋਗਾ ਕਿ ਐਸਾ ਕੋਈ ਸਵਾਲ ਨਹੀਂ ਜਿਸੇ ਸੀਧੀ ਬਾਤਚੀਤ ਕੇ ਜ਼ਰੀਏ ਸੁਲਝਾਇਆ ਨਾ ਜਾ ਸਕੇ। ਮੁਸ਼ਕਿਲ ਔਰ ਬਕਾਇਆ ਮਸਲੋਂ ਕਾ ਹੱਲ ਏਕ ਸਾਫ਼ ਸੁਥਰੇ ਮਾਹੌਲ ਮੇਂ ਔਰ ਏਕ ਸੰਤੁਲਨ, ਨਰਮੀ ਔਰ ਸਚਾਈ ਦਾ ਰਾਸਤਾ ਅਪਨਾ ਕਰ ਹੀ ਕੀਆ ਜਾ ਸਕਤਾ ਹੈ।''

ਪਾਕਿਸਤਾਨ ਵਿੱਚ ਉੱਥੋਂ ਦੀ ਚੋਟੀ ਦੀ ਸਿਆਸੀ ਲੀਡਰਸ਼ਿਪ ਅਤੇ ਪਤਵੰਤਿਆਂ ਦੀ ਹਾਜ਼ਰੀ 'ਚ ਉਨ੍ਹਾਂ ਦੇ ਮੂੰਹ 'ਤੇ ਦਹਿਸ਼ਤਗਰਦੀ ਨੂੰ ਹਵਾ ਅਤੇ ਪਨਾਹ ਦੇਣ ਵਾਲਿਆਂ 'ਤੇ ਟਿੱਪਣੀ ਕਰਦਿਆਂ ਵਾਜਪਾਈ ਨੇ ਕਿਹਾ, ''ਜੋ ਲੋਗ ਹਿੰਸਾ ਕੀ ਵਕਾਲਤ ਕਰਤੇ ਹੈਂ, ਹਿੰਸਾ ਕਾ ਰਾਸਤਾ ਅਪਨਾਤੇ ਹੈਂ ਔਰ ਹਿੰਸਾ ਕੋ ਬੜਾਵਾ ਦੇਤੇ ਹੈਂ, ਉਨ ਸੇ ਮੁਝੇ ਏਕ ਹੀ ਬਾਤ ਕਹਿਨੀ ਹੈ ਕਿ ਵੋ ਅਮਨ ਔਰ ਸਮਝ ਬੂਝ ਕੇ ਰਾਸਤੇ ਕੀ ਸਚਾਈ ਕੋ ਸਮਝੇਂ। ਹਮ ਅਪਨੇ ਬੱਚੋਂ ਕੇ ਬੱਚੋਂ ਔਰ ਆਨੇ ਵਾਲੀ ਕਈ ਪੀੜ੍ਹੀਓਂ ਕੀ ਭਲਾਈ ਕੇ ਬਾਰੇ ਮੇਂ ਸੋਚੇਂ। ਮੈਂ ਹਿੰਦੁਸਤਾਨ ਸੇ ਏਕ ਹੀ ਸੰਦੇਸ਼ ਲਾਇਆ ਹੂੰ, ਹਮ ਏਕ ਐਸਾ ਰਿਸ਼ਤਾ ਬਨਾ ਕਰ ਜਾਏਂ ਜਿਸ ਸੇ ਬੇਇਤਬਾਰੀ ਦੂਰ ਹੋ, ਵਿਰੋਧ ਔਰ ਆਪਸੀ ਮਤਭੇਦ ਮਿਟੇਂ ਤਥਾ ਪੁਖ਼ਤਾ ਅਮਨ ਚੈਨ ਕਾਇਮ ਹੋ, ਦੋਸਤੀ, ਭਾਈਚਾਰੇ ਕਾ ਮਾਹੌਲ ਬਨੇ। ਮੁਝੇ ਉਮੀਦ ਹੈ ਕਿ ਹਮ ਇਕੱਠੀ ਕੋਸ਼ਿਸ਼ੋਂ ਕੇ ਜ਼ਰੀਏ ਐਸਾ ਕਰਨੇ ਮੇਂ ਕਾਮਯਾਬ ਹੋਂਗੇ।''

ਉਨ੍ਹਾਂ ਨੇ ਉਸ ਦਿਨ ਦਿੱਤੇ ਭਾਸ਼ਨ ਵਿੱਚ ਕਿਤੇ ਵੀ ਪਾਕਿਸਤਾਨ ਨੂੰ ਛੁਟਿਆਇਆ ਜਾਂ ਛੋਟਾ ਮੁਲਕ ਨਹੀਂ ਦੱਸਿਆ ਸਗੋਂ ਭਾਰਤ ਦੇ ਨਾਲ ਨਾਲ ਉਸ ਨੂੰ ਵੀ ਮਹਾਨ ਮੁਲਕ ਦੱਸਿਆ ਅਤੇ ਆਖਿਆ ਕਿ ਪਾਕਿਸਤਾਨ ਨੂੰ ਕਿਸੇ ਤੋਂ ਮਾਨਤਾ ਲੈਣ ਦੀ ਲੋੜ ਨਹੀਂ ਕਿਉਂਕਿ ਉਸ ਦੀ ਆਪਣੀ ਇੱਕ ਵੱਖਰੀ ਪਛਾਣ ਅਤੇ ਹਸਤੀ ਹੈ। ਆਪਣੇ ਉਸ ਦੌਰੇ ਦੌਰਾਨ ਉਨ੍ਹਾਂ ਮੀਨਾਰ-ਏ-ਪਾਕਿਸਤਾਨ (ਜਿੱਥੇ ਪਾਕਿਸਤਾਨ ਦਾ ਮਤਾ ਪਾਸ ਕੀਤਾ ਗਿਆ ਸੀ) ਵਿਚਲੀ ਸੈਲਾਨੀ ਪੁਸਤਕਾ 'ਤੇ ਵੀ ਲਿਖਿਆ ਸੀ, ''ਭਾਰਤ ਦੀ ਇੱਕਜੁੱਟਤਾ ਅਤੇ ਖ਼ੁਸ਼ਹਾਲੀ ਪਾਕਿਸਤਾਨ ਦੀ ਇੱਕਜੁੱਟਤਾ ਅਤੇ ਖ਼ੁਸ਼ਹਾਲੀ 'ਤੇ ਨਿਰਭਰ ਕਰਦੀ ਹੈ।'' ਪਾਕਿਸਤਾਨ ਵੱਲੋਂ ਦਿੱਤੇ ਗਏ ਧੋਖਿਆਂ ਦੇ ਬਾਵਜੂਦ ਭਾਰਤ ਦੇ ਪ੍ਰਧਾਨ ਮੰਤਰੀ ਵੱਲੋਂ ਜੋ ਕੁਝ ਉੱਥੇ ਬੋਲਿਆ ਗਿਆ, ਉਸ ਉੱਤੇ ਅੱਜ ਵੀ ਦੇਸ਼ ਵਾਸੀਆਂ ਨੂੰ ਮਾਣ ਮਹਿਸੂਸ ਹੁੰਦਾ ਹੈ। ਕੋਈ ਵੱਡਾ ਆਗੂ ਇਸੇ ਤਰ੍ਹਾਂ ਦਾ ਹੁੰਦਾ ਹੈ ਜੋ ਇਨਸਾਨੀਅਤ ਦੀ ਗੱਲ ਕਰਦਾ ਹੈ। ਜਦੋਂ ਸੋਸ਼ਲ ਮੀਡੀਆ 'ਤੇ ਤੁਸੀਂ ਉਨ੍ਹਾਂ ਦੇ ਪਾਕਿਸਤਾਨ ਵਿੱਚ ਦਿੱਤੇ ਗਏ ਇਨ੍ਹਾਂ ਭਾਸ਼ਨਾਂ ਦੀਆਂ ਵੀਡੀਓਜ਼ ਦੇਖਦੇ ਹੋ ਤਾਂ ਉਸ ਦੇ ਥੱਲੇ ਪਾਕਿਸਤਾਨ ਵਿਚਲੇ ਉਨ੍ਹਾਂ ਦੇ ਢੇਰਾਂ ਪ੍ਰਸ਼ੰਸਕਾਂ ਦੀਆਂ ਟਿੱਪਣੀਆਂ ਮਿਲਦੀਆਂ ਹਨ, ਜਿਨ੍ਹਾਂ ਵਿੱਚ ਉਨ੍ਹਾਂ ਨੂੰ ਬਿਹਤਰੀਨ ਸਿਆਸਤਦਾਨ ਅਤੇ ਮਨੁੱਖਤਾ ਦੀ ਕਦਰ ਕਰਨ ਵਾਲਾ ਆਗੂ ਦੱਸਿਆ ਗਿਆ ਹੈ। ਪਾਕਿਸਤਾਨੀਆਂ ਦੀਆਂ ਇਹ ਟਿੱਪਣੀਆਂ ਪੜ੍ਹ ਕੇ ਨਿਸ਼ਚੇ ਹੀ ਇੱਕ ਭਾਰਤੀ ਵਜੋਂ ਤੁਹਾਨੂੰ ਇਹ ਲੱਗਦਾ ਹੈ ਕਿ ਤੁਹਾਡਾ ਲੀਡਰ ਇਹੋ ਜਿਹਾ ਹੀ ਹੋਣਾ ਚਾਹੀਦਾ ਹੈ।

ਭਾਜਪਾ ਦੀ ਨਵੀਂ ਪੀੜ੍ਹੀ ਦੇ ਆਗੂਆਂ ਨੂੰ ਆਪਣੇ ਇਸ ਲੀਡਰ ਤੋਂ ਬਹੁਤ ਕੁਝ ਸਿੱਖਣ ਦੀ ਲੋੜ ਹੈ।

# ਸੁੱਖ ਸਾਗਰ ਗੁਰੂ ਘਰ ਵਿਖੇ ਆਤਮ ਰਸ ਦੀਆਂ ਛਹਿਬਰਾਂ ਅਤੇ ਸੰਗਤਾਂ ਪ੍ਰਾਪਤ ਕਰ ਰਹੀਆਂ ਆਨੰਦ




ਨਿਊਵੈਸਟ ਦੇ ਗੁਰਦੁਆਰਾ ਸਾਹਿਬ ਸੁੱਖ ਸਾਗਰ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਦੇ ਸਾਲਾਨਾ ਸਮਾਗਮ ਦੌਰਾਨ ਆਤਮਰਸ ਕੀਰਤਨ ਦਰਬਾਰ ਵਿਚ ਪੰਥ ਦੇ ਪ੍ਰਸਿੱਧ ਰਾਗੀ ਭਾਈ ਕਮਲਜੀਤ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸੁਖਵਿੰਦਰ ਸਿੰਘ ਯੂ ਐਸ ਏ ਵਾਲੇ, ਭਾਈ ਜਸਪਾਲ ਸਿੰਘ ਰਾਗੀ ਜੱਥੇ ਕੀਰਤਨ ਦੀਆਂ ਛਹਿਬਰਾਂ ਲਗਾ ਕੇ ਸੰਗਤਾਂ ਨੂੰ ਮੰਤਰ ਮੁਗਧ ਕਰ ਰਹੇ ਹਨ। ਸੰਗਤਾਂ ਵੱਡੀ ਗਿਣਤੀ ਵਿਚ ਹਾਜਰੀ ਭਰ ਰਹੀਆਂ ਹਨ। ਵੀਰਵਾਰ ਤੋਂ ਭਾਈ ਰਵਿੰਦਰ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਵੀ ਕੀਰਤਨ ਹਾਜ਼ਰੀ ਭਰਕੇ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ। ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਹਰਭਜਨ ਸਿੰਘ ਅਠਵਾਲ ਨੇ ਦੱਸਿਆ ਕਿ 27 ਜੂਨ ਸਵੇਰੇ 6 ਵਜੇ ਅੰਮ੍ਰਿਤ ਦਾ ਬਾਟਾ ਵੀ ਤਿਆਰ ਹੋ ਰਿਹਾ ਹੈ ਜਿਸ ਵਿਚ ਸੰਗਤਾਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਗੁਰੂ ਵਾਲੇ ਬਣਨਗੇ। 28 ਜੂਨ ਦੇ ਸਾਲਾਨਾ ਨਗਰ ਕੀਰਤਨ ਦੀਆਂ ਤਿਆਰੀਆਂ ਵੀ ਮੁਕੰਮਲ ਕਰ ਲਈਆਂ ਗਈਆਂ ਹਨ। 9 ਵਜੇ ਸਵੇਰੇ ਗੁਰੂ ਘਰ ਤੋਂ ਨਗਰ ਕੀਰਤਨ ਰਵਾਨਾ ਹੋ ਕੇ ਕੁਈਨਜ਼ਬਰੋ ਪਾਰਕ ਵਿਚ ਪਹੁੰਚੇਗਾ ਜਿਥੇ ਖੁਬੇ ਪਾਂਡਲਾਂ ਵਿਚ ਕੀਰਤਨ ਦਰਬਾਰ ਸਜਾਏ ਜਾਣਗੇ ਜਿਥੇ ਸੰਗਤਾਂ ਲਈ ਵੱਖ-ਵੱਖ ਸਟਾਲਾਂ ਵਿਚ ਲੰਗਰ ਦਾ ਅਤੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਲਗਾਉਣ ਦਾ ਪ੍ਰਬੰਧ ਕੀਤਾ ਗਿਆ ਹੈ।

ੴ ਵਾਹਿਗੁਰੂ ਜੀ ਕੀ ਫਤਹਿ॥ ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ "RECOGNIZE ALL HUMAN RACE AS ONE" -GURU GOBIND SINGH JI

**Khalsa Diwan Society**
**GURDWARA SAHIB SUKH SAGAR** (EST. 1906)

June 23, 2026

**NOTICE OF SPECIAL GENERAL MEETING**

Notice is hereby given that a Special General Meeting of the members of Khalsa Diwan Society, New Westminster will be held as follows:

**Date:** July 12, 2026
**Time:** 11:00am
**Location:** Sukh Sagar Gurdwara; 347 Wood Street, New Westminster, BC

Special Resolution

**BE IT RESOLVED THAT:**

1. The Society is authorized to establish and maintain a Line of Credit facility with VanCity Credit Union in an amount not to exceed $2,500,000 (Two Million Five Hundred Thousand Dollars);
2. The Board of Directors is authorized to negotiate, approve, and finalize the terms and conditions of such Line of Credit facility;
3. Any two authorized signing officers and/or directors of the Society, as designated by the Board, are authorized to execute and deliver all agreements, security documents, resolutions, guarantees, certificates, and other instruments necessary or desirable to obtain and maintain the Line of Credit facility; and
4. Any actions previously taken by the Board of Directors or officers of the Society in connection with the proposed financing are hereby ratified, confirmed, and approved."

The proposed Line of Credit will provide the organization with financial flexibility to support its operations, capital projects, and other approved organizational initiatives. Representatives of the Board will be available at the meeting to provide details regarding the proposed financing arrangement and answer questions from members.

Athwal

Harbhajan Singh Athwal
KDS New Westminster, President

info@sukhsagar.ca
www.sukhsagar.ca
/gurdwarasahibsukhsagar

347 Wood Street,
New Westminster, BC
Canada V3M 5K6

Main: 604.521.3111
Office: 604.638.7380
Fax: 604.521.4936

A CREATIVE DESIGN & PRINT SOURCE

ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ
ਵਿਆਹ-ਸ਼ਾਦੀਆਂ ਦੇ ਕਾਰਡ

DESIGN 360
GRAPHICS & PROMOTIONS INC.
.... create a new

GRAPHIC DESIGNING
PRODUCT PHOTOGRAPHY
OFFSET / DIGITAL PRINTING
SIGNAGES DISPLAYS

CONTACT: AMANDEEP SINGH
604 590 0066 / 604 317 8750
#1 13415 76 AVE. SURREY

# ਕੈਨੇਡਾ ਤੋਂ ਪੰਜਾਬੀਆਂ ਦੀ ਡਿਪੋਰਟੇਸ਼ਨ ’ਤੇ ਲੱਗੇਗੀ ਰੋਕ




ਓਟਾਵਾ: ਕੈਨੇਡਾ ਵਿੱਚ ਰਹਿ ਰਹੇ ਪੰਜਾਬੀਆਂ ਅਤੇ ਹੋਰ ਪ੍ਰਵਾਸੀਆਂ ਲਈ ਇੱਕ ਬੇਹੱਦ ਮਹੱਤਵਪੂਰਨ ਖ਼ਬਰ ਸਾਹਮਣੇ ਆਈ ਹੈ। ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (IRCC) ਨੇ ਦੇਸ਼ ਦੀ ਇਮੀਗ੍ਰੇਸ਼ਨ ਪ੍ਰਣਾਲੀ ਵਿੱਚ ਵੱਡਾ ਫੇਰਬਦਲ ਕਰਦਿਆਂ ਬਿੱਲ C-12 (Bill C-12) ਦੇ ਤਹਿਤ ਸ਼ਰਨਾਰਥੀ (Refugee) ਅਰਜ਼ੀਆਂ ਨਾਲ ਸਬੰਧਤ ਛੇ ਨਵੇਂ ਅਤੇ ਸਖ਼ਤ ਨਿਯਮ ਲਾਗੂ ਕੀਤੇ ਹਨ। ਕੈਨੇਡਾ ਦੀ ਇਮੀਗ੍ਰੇਸ਼ਨ ਮੰਤਰੀ ਲੀਨਾ ਮੇਟਲੇਜ-ਡਿਆਬ ਵੱਲੋਂ ਕੀਤੇ ਗਏ ਇਨ੍ਹਾਂ ਬਦਲਾਵਾਂ ਦਾ ਮੁੱਖ ਉਦੇਸ਼ ਇਮੀਗ੍ਰੇਸ਼ਨ ਸਿਸਟਮ ਵਿੱਚ ਲੰਬਿਤ ਪਏ ਕੇਸਾਂ ਦੇ ਬੈਕਲਾਗ (Backlog) ਨੂੰ ਘਟਾਉਣਾ, ਪ੍ਰਸ਼ਾਸਕੀ ਦੇਰੀ ਨੂੰ ਖ਼ਤਮ ਕਰਨਾ ਅਤੇ ਸੱਚਮੁੱਚ ਲੋੜਵੰਦਾਂ ਨੂੰ ਜਲਦੀ ਸੁਰੱਖਿਆ ਪ੍ਰਦਾਨ ਕਰਨਾ ਹੈ।

ਨਵੇਂ ਨਿਯਮਾਂ ਵਿੱਚ ਸਭ ਤੋਂ ਵੱਡਾ ਬਦਲਾਅ ਸਮਾਂ ਸੀਮਾ (Deadline) ਨੂੰ ਲੈ ਕੇ ਕੀਤਾ ਗਿਆ ਹੈ: ਗੈਰ-ਕਾਨੂੰਨੀ ਪ੍ਰਵੇਸ਼ ਕਰਨ ਵਾਲਿਆਂ ਲਈ 14 ਦਿਨ: ਜੇਕਰ ਕੋਈ ਵਿਅਕਤੀ ਅਮਰੀਕਾ (USA) ਤੋਂ ਕਿਸੇ ਅਣਅਧਿਕਾਰਤ ਰਸਤੇ (ਗੈਰ-ਕਾਨੂੰਨੀ ਤਰੀਕੇ) ਰਾਹੀਂ ਕੈਨੇਡਾ ਦੀ ਸਰਹੱਦ ਪਾਰ ਕਰਦਾ ਹੈ, ਤਾਂ ਉਸ ਨੂੰ ਕੈਨੇਡਾ ਪਹੁੰਚਣ ਦੇ 14 ਦਿਨਾਂ ਦੇ ਅੰਦਰ-ਅੰਦਰ ਸ਼ਰਣ ਦਾ ਦਾਅਵਾ ਪੇਸ਼ ਕਰਨਾ ਹੋਵੇਗਾ। 14 ਦਿਨਾਂ ਤੋਂ ਬਾਅਦ ਕੀਤੀ ਗਈ ਕਿਸੇ ਵੀ ਅਰਜ਼ੀ ‘ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਆਮ ਸ਼ਰਣ ਦਾਅਵਿਆਂ ਲਈ 1 ਸਾਲ: ਹੁਣ ਕੋਈ ਵੀ ਵਿਅਕਤੀ ਕੈਨੇਡਾ ਪਹੁੰਚਣ ਦੇ ਇੱਕ ਸਾਲ ਦੇ ਅੰਦਰ ਹੀ ਸ਼ਰਣ ਦੀ ਅਰਜ਼ੀ ਦਾਇਰ ਕਰ ਸਕਦਾ ਹੈ। ਜੇਕਰ ਕੋਈ ਇੱਕ ਸਾਲ ਬਾਅਦ ਦਾਅਵਾ ਕਰਦਾ ਹੈ, ਤਾਂ ਉਸ ਦਾ ਕੇਸ ਇਮੀਗ੍ਰੇਸ਼ਨ ਅਤੇ ਰਫਿਊਜੀ ਬੋਰਡ (IRB) ਨੂੰ ਨਹੀਂ ਭੇਜਿਆ ਜਾਵੇਗਾ ਅਤੇ ਉਸ ਨੂੰ ਅਯੋਗ ਮੰਨਿਆ ਜਾਵੇਗਾ। ਪਹਿਲਾਂ ਇਸ ਪ੍ਰਕਿਰਿਆ ਵਿੱਚ ਕੋਈ ਸਖ਼ਤ ਸਮਾਂ ਸੀਮਾ ਨਾ ਹੋਣ ਕਾਰਨ ਲੱਖਾਂ ਕੇਸ ਲੰਬਿਤ ਪਏ ਸਨ।

**ਦੇਸ਼ ਨਿਕਾਲੇ ਤੋਂ ਪਹਿਲਾਂ ਜੋਖਮ ਮੁਲਾਂਕਣ ਦੀ ਰਾਹਤ**

ਇਨ੍ਹਾਂ ਨਵੇਂ ਨਿਯਮਾਂ ਦੇ ਲਾਗੂ ਹੋਣ ਨਾਲ ਸੋਸ਼ਲ ਮੀਡੀਆ ‘ਤੇ ਇਹ ਚਰਚਾ ਛਿੜ ਗਈ ਹੈ ਕਿ ਪੰਜਾਬੀਆਂ ਨੂੰ ਕੈਨੇਡਾ ਤੋਂ ਬਾਹਰ ਨਹੀਂ ਕੱਢਿਆ ਜਾਵੇਗਾ। ਅਸਲ ਵਿੱਚ, ਸਰਕਾਰ ਨੇ ਨਵੇਂ ਨਿਯਮਾਂ ਕਾਰਨ ਅਯੋਗ ਕਰਾਰ ਦਿੱਤੇ ਗਏ ਲੋਕਾਂ ਲਈ ਪ੍ਰੀ-ਰਿਮੂਵਲ ਰਿਸਕ ਅਸੈਸਮੈਂਟ (PRRA) ਯਾਨੀ ਦੇਸ਼ ਨਿਕਾਲੇ ਤੋਂ ਪਹਿਲਾਂ ਜੋਖਮ ਮੁਲਾਂਕਣ ਦੇ ਸੁਰੱਖਿਆ ਵਿਕਲਪ ਨੂੰ ਬਰਕਰਾਰ ਰੱਖਿਆ ਹੈ। ਇਹ ਨਿਯਮ ਯਕੀਨੀ ਬਣਾਉਂਦਾ ਹੈ ਕਿ ਕੈਨੇਡਾ ਸਰਕਾਰ ਕਿਸੇ ਵੀ ਵਿਅਕਤੀ ਨੂੰ ਅਜਿਹੇ ਦੇਸ਼ ਜਾਂ ਜਗ੍ਹਾ ‘ਤੇ ਵਾਪਸ ਨਹੀਂ ਭੇਜੇਗੀ, ਜਿੱਥੇ ਉਸ ਦੀ ਜਾਨ ਨੂੰ ਸਿੱਧਾ ਖ਼ਤਰਾ ਹੋਵੇ, ਉਸ ‘ਤੇ ਅੱਤਿਆਚਾਰ ਹੋਣ ਦਾ ਡਰ ਹੋਵੇ ਜਾਂ ਕੋਈ ਹੋਰ ਗੰਭੀਰ ਜੋਖਮ ਹੋਵੇ।

**ਕੈਨੇਡਾ ਇਮੀਗ੍ਰੇਸ਼ਨ ਪ੍ਰਣਾਲੀ ਦੇ 6 ਵੱਡੇ ਬਦਲਾਅ:**

ਦਾਅਵੇ ਲਈ 1 ਸਾਲ ਦਾ ਨਿਯਮ: ਕੈਨੇਡਾ ਆਉਣ ਦੇ ਇੱਕ ਸਾਲ ਦੇ ਅੰਦਰ ਹੀ ਰਫਿਊਜੀ ਕੇਸ ਦਾਇਰ ਕਰਨਾ ਲਾਜ਼ਮੀ, ਦੇਰੀ ਹੋਣ ‘ਤੇ ਅਰਜ਼ੀ ਸਿੱਧੀ ਰੱਦ ਹੋਵੇਗੀ।

ਗੈਰ-ਕਾਨੂੰਨੀ ਐਂਟਰੀ ‘ਤੇ 14 ਦਿਨਾਂ ਦੀ ਮਿਆਦ: ਅਧਿਕਾਰਤ ਚੌਕੀ ਤੋਂ ਇਲਾਵਾ ਹੋਰ ਰਸਤਿਆਂ ਰਾਹੀਂ ਆਉਣ ਵਾਲਿਆਂ ਨੂੰ ਸਿਰਫ਼ ੨੭ ਹਫ਼ਤਿਆਂ ਦਾ ਸਮਾਂ ਮਿਲੇਗਾ।

ਪ੍ਰਕਿਰਿਆ ਦਾ ਆਧੁਨਿਕੀਕਰਨ: ਹੁਣ ਸਿਰਫ਼ ਸੰਪੂਰਨ ਦਸਤਾਵੇਜ਼ਾਂ ਵਾਲੀਆਂ ਔਨਲਾਈਨ ਅਰਜ਼ੀਆਂ ਹੀ ਸਵੀਕਾਰ ਕੀਤੀਆਂ ਜਾਣਗੀਆਂ ਤਾਂ ਜੋ ਕੇਸਾਂ ਦਾ ਨਿਪਟਾਰਾ ਤੇਜ਼ੀ ਨਾਲ ਹੋ ਸਕੇ।

ਡੇਟਾ ਸ਼ੇਅਰਿੰਗ ਦਾ ਅਧਿਕਾਰ: IRCC ਕੋਲ ਹੁਣ ਸ਼ਰਨਾਰਥੀਆਂ ਦੀ ਜਾਣਕਾਰੀ ਨੂੰ ਸੂਬਾਈ ਅਤੇ ਸੰਘੀ ਪੱਧਰ ਦੇ ਹੋਰ ਸਰਕਾਰੀ ਵਿਭਾਗਾਂ ਨਾਲ ਸਾਂਝਾ ਕਰਨ ਦਾ ਕਾਨੂੰਨੀ ਅਧਿਕਾਰ ਹੋਵੇਗਾ।


ਦਸਤਾਵੇਜ਼ ਰੱਦ ਜਾਂ ਸੋਧਣ ਦੀ ਸ਼ਕਤੀ: ਜਨਤਕ ਹਿੱਤ ਵਿੱਚ ਸਰਕਾਰ ਕੋਲ ਹੁਣ ਵੀਜ਼ਾ, ਵਰਕ ਪਰਮਿਟ, ਜਾਂ ਸਟੱਡੀ ਪਰਮਿਟ ਨੂੰ ਰੱਦ ਜਾਂ ਮੁਅੱਤਲ ਕਰਨ ਦੀਆਂ ਵਿਆਪਕ ਸ਼ਕਤੀਆਂ ਹੋਣਗੀਆਂ, ਪਰ ਇਸ ਦੀ ਸੂਚਨਾ ਸੰਸਦ ਨੂੰ ਦੇਣੀ ਪਵੇਗੀ।

ਦੇਸ਼ ਨਿਕਾਲੇ ਤੋਂ ਪਹਿਲਾਂ ਜਾਂਚ: ਕਿਸੇ ਵੀ ਵਿਅਕਤੀ ਨੂੰ ਜਾਨ ਦੇ ਜੋਖਮ ਵਾਲੇ ਦੇਸ਼ ਵਿੱਚ ਡਿਪੋਰਟ ਨਾ ਕਰਨ ਦੀ ਗਾਰੰਟੀ।

ਫੀਂਨ੍ਹਅਛ ਦੀ ਰਿਪੋਰਟ: ਕੈਨੇਡਾ ‘ਚ ਪੰਜਾਬੀ ਵਿਦਿਆਰਥੀਆਂ ‘ਤੇ ਲਾਰੈਂਸ-ਬੰਬੀਹਾ ਗੈਂਗ ਦਾ ਸਾਇਆ!

ਇਸੇ ਦੌਰਾਨ, ਕੈਨੇਡਾ ਦੀ ਵਿੱਤੀ ਖੁਫੀਆ ਏਜੰਸੀ FINTRAC ਨੇ ਇੱਕ ਬੇਹੱਦ ਹੈਰਾਨੀਜਨਕ ਅਤੇ ਚਿੰਤਾਜਨਕ ਖੁਲਾਸਾ ਕੀਤਾ ਹੈ। ਏਜੰਸੀ ਦੀ ਤਾਜ਼ਾ ਰਿਪੋਰਟ ਮੁਤਾਬਕ, ਭਾਰਤ ਦੇ ਨਾਮੀ ਲਾਰੈਂਸ ਬਿਸ਼ਨੋਈ ਅਤੇ ਬੰਬੀਹਾ ਗੈਂਗ ਕੈਨੇਡਾ ਵਿੱਚ ਪੰਜਾਬ ਅਤੇ ਹਰਿਆਣਾ ਤੋਂ ਆਉਣ ਵਾਲੇ ਭੋਲੇ-ਭਾਲੇ ਨੌਜਵਾਨਾਂ ਤੇ ਵਿਦਿਆਰਥੀਆਂ ਨੂੰ ਆਪਣੇ ਨਾਪਾਕ ਮਨਸੂਬਿਆਂ ਲਈ “ਹਥਿਆਰਾਂ (ਔਜ਼ਾਰਾਂ)” ਵਜੋਂ ਵਰਤ ਰਹੇ ਹਨ।

ਰਿਪੋਰਟ ਵਿੱਚ ਕੈਨੇਡਾ ਰਹਿ ਰਹੇ ਲਗਭਗ 300 ਪੰਜਾਬੀ ਵਿਦਿਆਰਥੀਆਂ ਦੇ ਇਸ ਨੈੱਟਵਰਕ ਦੇ ਸ਼ੱਕ ਦੇ ਘੇਰੇ ਵਿੱਚ ਹੋਣ ਦੀ ਗੱਲ ਕਹੀ ਗਈ ਹੈ, ਜਿਸ ਤੋਂ ਬਾਅਦ ਕੈਨੇਡੀਅਨ ਸੁਰੱਖਿਆ ਏਜੰਸੀਆਂ ਨੇ ਜਾਂਚ ਤੇਜ਼ ਕਰ ਦਿੱਤੀ ਹੈ।



# ਕੈਨੇਡਾ ਦੀ ਸਿਆਸਤ ਵਿਚ ਹਿਲਜੁਲ 6 ਐਮ.ਪੀ. ਦੇ ਰਹੇ ਅਸਤੀਫਾ



**ਓਟਵਾ**: ਕੈਨੇਡਾ ਦੀ ਸਿਆਸਤ ਵਿਚ ਮੁੜ ਹੋ ਰਹੀ ਹਿਲਜੁਲ ਦਰਮਿਆਨ ਹਾਊਸ ਆਫ਼ ਕਾਮਨਜ਼ ਵਿਚ 6 ਸੀਟਾਂ ਖ਼ਾਲੀ ਹੋ ਰਹੀਆਂ ਹਨ ਤੇ ਲਿਬਰਲ ਸਰਕਾਰ ਨੂੰ ਸਦਨ ਵਿਚ ਬਹੁਮਤ ਬਰਕਰਾਰ ਰੱਖਣ ਲਈ ਇਕ ਜ਼ਿਮਨੀ ਚੋਣ ਜਿੱਤਣੀ ਹੋਵੇਗੀ। ਦੋ ਐਮ.ਪੀਜ਼ ਨੇ ਬੀਤੇ ਸ਼ੁੱਕਰਵਾਰ ਨੂੰ ਅਸਤੀਫ਼ਾ ਦੇ ਦਿਤਾ ਜਿਨ੍ਹਾਂ ਵਿਚੋਂ ਲਿਬਰਲ ਪਾਰਟੀ ਦੇ ਜੌਨਾਥਨ ਵਿਲਕਿਨਸਨ ਬ੍ਰਸਲਜ਼ ਜਾ ਰਹੇ ਹਨ ਅਤੇ ਯੂਰਪੀ ਯੂਨੀਅਨ ਵਿਚ ਕੈਨੇਡੀਅਨ ਰਾਜਦੂਤ ਦੀ ਜ਼ਿੰਮੇਵਾਰੀ ਨਿਭਾਉਣਗੇ।

ਦੱਸ ਦੇਈਏ ਕਿ ਕਿਸੇ ਐਮ.ਪੀ. ਵੱਲੋਂ ਅਸਤੀਫ਼ਾ ਦਿਤੇ ਜਾਣ 'ਤੇ ਸੰਸਦ ਦੇ ਸਪੀਕਰ ਵੱਲੋਂ ਮੁੱਖ ਚੋਣ ਅਫ਼ਸਰ ਨੂੰ ਸੀਟ ਖ਼ਾਲੀ ਹੋਣ ਬਾਰੇ ਦੱਸਿਆ ਜਾਂਦਾ ਹੈ ਅਤੇ ਪ੍ਰਧਾਨ ਮੰਤਰੀ ਕੋਲ ਜ਼ਿਮਨੀ ਚੋਣ ਦਾ ਐਲਾਨ ਕਰਨ ਵਾਸਤੇ 11 ਦਿਨ ਤੋਂ 180 ਦਿਨ ਦਾ ਸਮਾਂ ਹੁੰਦਾ ਹੈ।

ਦੋ ਅਸਤੀਫ਼ਿਆਂ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਮਾਰਕ ਕਾਰਨੀ ਕੋਲ 19 ਦਸੰਬਰ ਤੱਕ ਦਾ ਸਮਾਂ ਮੌਜੂਦ ਹੈ ਅਤੇ ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਘੱਟੋ ਘੱਟ 6 ਪਾਰਲੀਮਾਨੀ ਹਲਕਿਆਂ ਵਿਚ ਇਕੋ ਵੇਲੇ ਜ਼ਿਮਨੀ ਚੋਣਾਂ ਹੋਣਗੀਆਂ। ਦੂਜੇ ਪਾਸੇ ਜ਼ਿਮਨੀ ਚੋਣ ਦੇ ਮੱਦੇਨਜ਼ਰ ਕੰਜ਼ਰਵੇਟਿਵ ਪਾਰਟੀ ਦੇ ਆਗੂ ਪਿਅਰੇ ਪੌਇਲੀਐਵ ਵੀ ਤਿਆਰੀਆਂ ਵਿਚ ਜੁਟਦੇ ਨਜ਼ਰ ਆਏ।

# ਕੈਨੇਡਾ ਨੇ ਡਿਪੋਰਟ ਕੀਤੇ 2 ਭਾਰਤੀ, ਇਕ ਪੰਜਾਬੀ ਨੌਜਵਾਨ ਤੇ ਵੀ ਲਟਕੀ ਦੇਸ਼ ਨਿਕਾਲੇ ਦੀ ਤਲਵਾਰ



**ਸਰੀ**: ਕੈਨੇਡਾ ਦੇ ਸਰੀ ਸ਼ਹਿਰ ਵਿੱਚ ਨਸ਼ਾ ਤਸਕਰੀ ਵਿਰੁੱਧ ਵਿੱਢੀ ਗਈ ਇੱਕ ਵੱਡੀ ਮੁਹਿੰਮ 'ਪ੍ਰੋਜੈਕਟ ਫੈਂਟਮ' ਤਹਿਤ ਪੁਲਸ ਨੂੰ ਵੱਡੀ ਸਫਲਤਾ ਮਿਲੀ ਹੈ। ਇਸ ਕਾਰਵਾਈ ਦੌਰਾਨ ਕੈਨੇਡੀਅਨ ਬਾਰਡਰ ਸਰਵਿਸਿਜ਼ ਏਜੰਸੀ ਨੇ ਨਸ਼ਾ ਤਸਕਰੀ ਵਿੱਚ ਸ਼ਾਮਲ ਦੋ ਭਾਰਤੀ ਨਾਗਰਿਕਾਂ ਨੂੰ ਦੇਸ਼ ਵਿੱਚੋਂ ਬਾਹਰ ਕੱਢ ਦਿੱਤਾ ਹੈ। ਜਦਕਿ ਇੱਕ ਹੋਰ ਪੰਜਾਬੀ ਨੌਜਵਾਨ ਵਿਰੁੱਧ ਗੰਭੀਰ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ, ਜਿਸ ਨੂੰ ਆਉਣ ਵਾਲੇ ਸਮੇਂ ਵਿੱਚ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਸਰੀ ਪੁਲਸ ਸਰਵਿਸ ਅਨੁਸਾਰ ਇਸ ਸਾਲ ਫਰਵਰੀ ਵਿੱਚ ਸ਼ੁਰੂ ਹੋਈ ਚਾਰ ਮਹੀਨਿਆਂ ਦੀ ਜਾਂਚ ਤੋਂ ਬਾਅਦ 21 ਮਈ ਨੂੰ ਇੱਕ ਰਿਹਾਇਸ਼ੀ ਇਮਾਰਤ ਦੀ ਤਲਾਸ਼ੀ ਲਈ ਗਈ ਸੀ। ਇਸ ਕਾਰਵਾਈ ਵਿੱਚ ਲਗਭਗ 8,91,000 ਕੈਨੇਡੀਅਨ ਡਾਲਰ ਦੀ ਕੀਮਤ ਦੇ ਵੱਖ-ਵੱਖ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਹਨ। ਪੁਲਸ ਨੇ ਖ਼ੁਲਾਸਾ ਕੀਤਾ ਕਿ ਬਰਾਮਦ ਕੀਤੇ ਗਏ ਨਸ਼ਿਆਂ ਵਿੱਚ 468 ਗ੍ਰਾਮ ਫੈਂਟਾਨਿਲ ਵੀ ਸ਼ਾਮਲ ਹੈ। ਮਾਹਿਰਾਂ ਅਨੁਸਾਰ ਇਹ ਮਾਤਰਾ ਲਗਭਗ 23,400 ਲੋਕਾਂ ਲਈ ਜਾਨਲੇਵਾ ਸਾਬਤ ਹੋ ਸਕਦੀ ਸੀ।

ਪੁਲਸ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ 24 ਸਾਲਾ ਗੁਰਜੋਤ ਸਿੰਘ 'ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਉਨ੍ਹਾਂ ਨੂੰ ਆਪਣੇ ਕੋਲ ਰੱਖਣ ਦੇ ਛੇ ਮਾਮਲੇ ਦਰਜ ਕੀਤੇ ਗਏ ਹਨ। ਕੈਨੇਡੀਅਨ ਪੁਲਸ ਵੱਲੋਂ ਗੁਰਜੋਤ ਸਿੰਘ ਵਿਰੁੱਧ ਵੀ ਸਖ਼ਤ ਕਾਰਵਾਈ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਦੋ ਹੋਰ ਭਾਰਤੀ ਨਾਗਰਿਕਾਂ, ਜਿਨ੍ਹਾਂ ਦੇ ਨਾਂ ਗੁਪਤ ਰੱਖੇ ਗਏ ਹਨ, ਨੂੰ ਪਹਿਲਾਂ ਹੀ ਕੈਨੇਡਾ ਤੋਂ ਡਿਪੋਰਟ ਕਰ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਕੈਨੇਡਾ ਵਿੱਚ ਇਸ ਸਾਲ ਹੁਣ ਤੱਕ ਕਈ ਭਾਰਤੀਆਂ ਨੂੰ ਫਿਰੌਤੀ ਅਤੇ ਹਿੰਸਕ ਗਤੀਵਿਧੀਆਂ ਕਾਰਨ ਪਹਿਲਾਂ ਹੀ ਦੇਸ਼ ਨਿਕਾਲਾ ਦਿੱਤਾ ਜਾ ਚੁੱਕਾ ਹੈ, ਪਰ ਹੁਣ ਨਸ਼ਾ ਤਸਕਰੀ ਵਿੱਚ ਸ਼ਾਮਲ ਲੋਕਾਂ ਵਿਰੁੱਧ ਵੀ ਅਜਿਹੀ ਸਖ਼ਤ ਕਾਰਵਾਈ ਤੇਜ਼ ਹੋ ਗਈ ਹੈ। ਕੈਨੇਡੀਅਨ ਪੁਲਸ ਦੀ ਪ੍ਰਧਾਨ ਈਰਿਨ ਓ'ਗੋਰਮਨ ਅਨੁਸਾਰ ਏਜੰਸੀ ਨੇ ਹੁਣ ਤੱਕ 446 ਇਮੀਗ੍ਰੇਸ਼ਨ ਜਾਂਚਾਂ ਸ਼ੁਰੂ ਕੀਤੀਆਂ ਹਨ ਅਤੇ 118 ਦੇਸ਼ ਨਿਕਾਲੇ ਦੇ ਹੁਕਮ ਜਾਰੀ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚ ਕਈ ਭਾਰਤੀ ਵੀ ਸ਼ਾਮਲ ਹਨ।


STAR AUTOBODY




**SPECIALIZE**
- All vehicles any make or model
- Commercial Trucks, any make or model


**CERTIFIED**
- ICBC CARSHOP Valet Express Shop with certified technicians and equipment
- ICBC Claims
- Private Insurance Companies

**SERVICE**
Open Monday-Saturday - 8:30AM - 5 PM
- Courtesy Cars
- Vehicle pick-up and drop-off

*We handle private insurance claims:*
family INSURANCE | intact INSURANCE | economical INSURANCE

**604-597-5151**
*8277-124th St., Surrey, BC V3W 9G2*
*Ph: 604-597-5151 / Fax: 604-597-5195*
*www.startautobody.net*


Pure for Sure
Prabu
www.prabufoods.com
7035 128 St #106, Surrey, BC V3W 4E1


WALKER HOUSE
BRIONI
NOW SELLING
NORTH DELTA'S FLAGSHIP HIGH-RISE COMMUNITY
Soaring 29-storeys above North Delta's skyline, Walker House offers 17,000 SF of amenities and unobstructed sweeping vistas of the Fraser River, North Shore Mountains and urban landscape.
Starting from the mid $400s. Parking included.
BOOK A PRIVATE VIEWING
WalkerHouseDelta.com
BMG REAL ESTATE
BUILDING COMMUNITIES
MARKETING BY
rennie
This is not an offering for sale. Any such offering can only be made with a disclosure statement. Prices are subject to change without notice. The developer reserves the right to make changes and modifications to the information contained herein without prior notice. Artist's renderings are representations only and may not be accurate. E.&O.E.

# ਬਾਲੀਵੁੱਡ

# ਪੰਜਾਬ ਦੀ ਕੈਟਰੀਨਾ ਸ਼ਹਿਨਾਜ਼ ਗਿੱਲ ਨੇ ਕਰਵਾ ਲਿਆ ਵਿਆਹ !



ਪੰਜਾਬ ਦੀ ਕੈਟਰੀਨਾ ਕੈਫ ਵਜੋਂ ਜਾਣੀ ਜਾਣ ਵਾਲੀ ਮਸ਼ਹੂਰ ਅਦਾਕਾਰਾ ਅਤੇ ਗਾਇਕਾ ਸ਼ਹਿਨਾਜ਼ ਗਿੱਲ ਇਕ ਵਾਰ ਮੁੜ ਚਰਚਾ ਵਿੱਚ ਆ ਗਈ ਹੈ। ਇਸ ਵਾਰ ਚਰਚਾ ਵਿੱਚ ਆਉਣ ਦਾ ਕਾਰਨ ਉਸਦੀ ਫਿਲਮ ਜਾਂ ਗਾਣਾ ਨਹੀਂ ਸਗੋਂ ਉਸ ਦਾ ਬ੍ਰਾਈਡਲ ਲੁੱਕ ਹੈ।

ਦਰਅਸਲ ਹਾਲ ਹੀ ਵਿਚ ਸ਼ਹਿਨਾਜ਼ ਗਿੱਲ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ ’ਤੇ ਕੁੱਝ ਤਸਵੀਰਾਂ ਸਾਂਝੀਆਂ ਕੀਤੀਆਂ ਹਨ, ਜਿਨ੍ਹਾਂ ਵਿਚ ਉਸ ਨੇ ਹੈਵੀ ਲਹਿੰਗਾ ਪਹਿਨਿਆ ਹੋਇਆ ਹੈ ਅਤੇ ਉਹ ਬਹੁਤ ਖੂਬਸੂਰਤ ਲੱਗ ਰਹੀ ਹੈ। ਸਭ ਤੋਂ ਜ਼ਿਆਦਾ ਧਿਆਨ ਜਿਸ ਚੀਜ਼ ਨੇ ਖਿੱਚਿਆ ਉਹ ਸੀ ਸ਼ਹਿਨਾਜ਼ ਦੀ ਮਾਂਗ ਵਿਚ ਸਿੰਧੂਰ, ਜਿਸ ਨੂੰ ਵੇਖਦੇ ਹੀ ਪ੍ਰਸ਼ੰਸ਼ਕਾਂ ਵਿਚ ਚਰਚਾ ਸ਼ੁਰੂ ਹੋ ਗਈ ਕਿ ਅਦਾਕਾਰਾ ਨੇ ਵਿਆਹ ਕਰਵਾ ਲਿਆ ਹੈ।

ਇਸ ਤੋਂ ਪਹਿਲਾਂ ਕਿ ਤੁਸੀਂ ਵੀ ਕੁੱਝ ਅਜਿਹਾ ਹੀ ਸੋਚੋ ਅਸੀਂ ਤੁਹਾਨੂੰ ਦੱਸ ਦਿੰਦੇ ਹਾਂ ਕਿ ਇਹ ਸੱਚ ਨਹੀਂ ਹੈ। ਦਰਅਸਲ, ਇਹ ਖੂਬਸੂਰਤ ਲੁੱਕ ਉਸ ਦੇ ਆਉਣ ਵਾਲੇ ਕਿਸੇ ਬ੍ਰਾਂਡ ਲਈ ਇੱਕ ਫੋਟੋਸ਼ੂਟ ਦਾ ਹਿੱਸਾ ਹੈ। ਐਡ ਸ਼ੂਟ ਲਈ, ਸ਼ਹਿਨਾਜ਼ ਨੂੰ ਇਸ ਰਾਇਲ ਬ੍ਰਾਈਡਲ ਲੁੱਕ ਵਿੱਚ ਤਿਆਰ ਕੀਤਾ ਗਿਆ ਸੀ, ਜਿਸਨੂੰ ਪ੍ਰਸ਼ੰਸਕਾਂ ਨੇ ਗਲਤੀ ਨਾਲ ਉਸਦੇ ਵਿਆਹ ਦੀਆਂ ਫੋਟੋਆਂ ਸਮਝ ਲਿਆ।

ਦੱਸ ਦੇਈਏ ਕਿ ‘ਬਿੱਗ ਬੌਸ 13’ ਵਿੱਚ ਮਰਹੂਮ ਅਦਾਕਾਰ ਸਿਧਾਰਥ ਸ਼ੁਕਲਾ ਨਾਲ ਆਪਣੀ ਕੈਮਿਸਟਰੀ ਕਾਰਨ ਸੁਰਖੀਆਂ ਵਿੱਚ ਰਹਿਣ ਵਾਲੀ ਸ਼ਹਿਨਾਜ਼ ਨੇ ਸਲਮਾਨ ਖਾਨ ਦੀ ਫਿਲਮ ‘ਕਿਸੀ ਕਾ ਭਾਈ ਕਿਸੀ ਕੀ ਜਾਨ’ ਨਾਲ ਬਾਲੀਵੁੱਡ ਵਿੱਚ ਕਦਮ ਰੱਖਿਆ ਸੀ।

ਸ਼ਹਿਨਾਜ਼ ਆਖਰੀ ਵਾਰ ਵੱਡੇ ਪਰਦੇ ’ਤੇ ਫਿਲਮ ‘ਇੱਕ ਕੁੜੀ’ ਵਿੱਚ ਨਜ਼ਰ ਆਈ ਸੀ ਅਤੇ ਉਸਦੀ ਲੇਟੈਸਟ ਫਿਲਮ ‘ਇਸ਼ਕਨਾਮਾ’ 24 ਜੁਲਾਈ 2026 ਨੂੰ ਦੁਨੀਆ ਭਰ ਦੇ ਸਿਨੇਮਾਘਰਾਂ ਵਿੱਚ ਰਿਲੀਜ਼ ਹੋ ਚੁੱਕੀ ਹੈ। ਇਸ ਤੋਂ ਇਲਾਵਾ ਸ਼ਹਿਨਾਜ਼ ਸ਼ਿਨਗਹੜਸਖਉਰ2 ਵਿਚ ਅਦਾਕਾਰ ਗਿੱਪੀ ਗਰੇਵਾਲ ਨਾਲ ਸਕ੍ਰੀਨ ਸਾਂਝੀ ਕਰਦੀ ਨਜ਼ਰ ਆਵੇਗੀ।

## ਗਾਇਕ ਗੁਰੂ ਰੰਧਾਵਾ ਦੇ ਜਿਮ ’ਤੇ ਗੋਲੀਆਂ ਚਲਾਉਣ ਵਾਲੇ ਲਾਰੈਂਸ ਗੈਂਗ ਦੇ ਦੋ ਸ਼ੂਟਰ ਦਬੋਚੇ



ਰਾਜਧਾਨੀ ਦੇ ਪੱਛਮ ਵਿਹਾਰ ਇਲਾਕੇ ‘ਚ ਪੰਜਾਬੀ ਗਾਇਕ ਗੁਰੂ ਰੰਧਾਵਾ ਦੇ ‘24 ਐੱਚਐੱਸ ਫਿਟਨੈੱਸ ਜਿਮ’ ‘ਤੇ ਹੋਈ ਫਾਇਰਿੰਗ ਦੇ ਮਾਮਲੇ ‘ਚ ਦਿੱਲੀ ਪੁਲਿਸ ਦਾ ਐਕਸ਼ਨ ਲਗਾਤਾਰ ਜਾਰੀ ਹੈ।

ਤਾਜ਼ਾ ਮਾਮਲੇ ‘ਚ, ਪੁਲਿਸ ਨੇ ਬੁੱਧਵਾਰ ਰਾਤ ਨੂੰ ਇੱਕ ਮੁਕਾਬਲੇ (ਐਨਕਾਊਂਟਰ) ਤੋਂ ਬਾਅਦ ਲਾਰੈਂਸ ਬਿਸ਼ਨੋਈ ਗੈਂਗ ਦੇ ਦੋ ਸ਼ੂਟਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਫੜੇ ਗਏ ਮੁਲਜ਼ਮਾਂ ਦੀ ਪਛਾਣ ਹਕੀਕਤ ਅਤੇ ਸਾਗਰ ਵਜੋਂ ਹੋਈ ਹੈ।

ਇਹ ਮੁਲਜ਼ਮ ਬੀਤੀ 11 ਜੂਨ ਨੂੰ ਜਿਮ ‘ਤੇ ਹੋਈ ਫਾਇਰਿੰਗ ਦੀ ਘਟਨਾ ਤੋਂ ਬਾਅਦ ਹੀ ਫਰਾਰ ਚੱਲ ਰਹੇ ਸਨ। ਇਸ ਪੂਰੇ ਮਾਮਲੇ ‘ਚ ਹੁਣ ਤੱਕ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ, ਪਿਛਲੇ ਹਫ਼ਤੇ ਕ੍ਰਾਈਮ ਬ੍ਰਾਂਚ ਨੇ ਬਹਾਦਰਗੜ੍ਹ ਤੋਂ ਲਾਰੈਂਸ ਗੈਂਗ ਦੇ ਦੋ ਸ਼ੂਟਰਾਂ ਨੂੰ ਦਬੋਚਿਆ ਸੀ।

## ਜੈਕਲੀਨ ਨੇ ਸੁਪਰੀਮ ਕੋਰਟ ਤੋਂ ਆਪਣੀ ਪਟੀਸ਼ਨ ਵਾਪਸ ਲਈ



ਸੁਪਰੀਮ ਕੋਰਟ ਨੇ ਵੀਰਵਾਰ ਨੂੰ ਬਾਲੀਵੁੱਡ ਅਦਾਕਾਰਾ ਜੈਕਲੀਨ ਫਰਨਾਂਡੀਜ਼ ਨੂੰ 200 ਕਰੋੜ ਰੁਪਏ ਦੇ ਮਨੀ ਲਾਂਡਰਿੰਗ ਮਾਮਲੇ ਵਿੱਚ ਉਸ ਵਿਰੁੱਧ ਦੋਸ਼ ਤੈਅ ਕਰਨ ਦੇ ਦਿੱਲੀ ਅਦਾਲਤ ਦੇ ਹੁਕਮ ਨੂੰ ਚੁਣੌਤੀ ਦੇਣ ਵਾਲੀ ਆਪਣੀ ਪਟੀਸ਼ਨ ਵਾਪਸ ਲੈਣ ਦੀ ਇਜਾਜ਼ਤ ਦੇ ਦਿੱਤੀ ਹੈ।

ਜਸਟਿਸ ਬੀ.ਵੀ. ਨਾਗਰਥਨਾ ਅਤੇ ਜਸਟਿਸ ਜੋਇਮਲਿਆ ਬਾਗਚੀ ਦੇ ਬੈਂਚ ਨੇ ਕਿਹਾ, “ਪਟੀਸ਼ਨਰ (ਫਰਨਾਂਡੀਜ਼) ਦੇ ਵਕੀਲ ਨੇ ਕਾਨੂੰਨ ਅਨੁਸਾਰ ਉਚਿਤ ਉਪਾਅ ਅਪਣਾਉਣ ਦੀ ਆਜ਼ਾਦੀ ਦੇ ਨਾਲ ਇਸ ਵਿਸ਼ੇਸ਼ ਲੀਵ ਪਟੀਸ਼ਨ ਨੂੰ ਵਾਪਸ ਲੈਣ ਦੀ ਇਜਾਜ਼ਤ ਮੰਗੀ ਹੈ।“

ਸਿਖਰਲੀ ਅਦਾਲਤ ਨੇ ਪਟੀਸ਼ਨਰ ਦੁਆਰਾ ਮੰਗੀ ਗਈ ਆਜ਼ਾਦੀ ਦੇ ਨਾਲ ਪਟੀਸ਼ਨ ਵਾਪਸ ਲੈਣ ਦੀ ਇਜਾਜ਼ਤ ਦੇ ਦਿੱਤੀ ਹੈ। ਇੱਕ ਦਿੱਲੀ ਅਦਾਲਤ ਨੇ 30 ਮਈ ਨੂੰ ਇਸ ਮਾਮਲੇ ਵਿੱਚ ਅਦਾਕਾਰਾ, ਕਥਿਤ ਠੱਗ ਸੁਕੇਸ਼ ਚੰਦਰਸ਼ੇਖਰ ਅਤੇ 15 ਹੋਰਾਂ ਵਿਰੁੱਧ ਦੋਸ਼ ਤੈਅ ਕਰਨ ਦੇ ਹੁਕਮ ਦਿੱਤੇ ਸਨ। ਅਦਾਕਾਰਾ ਨੇ ਇਸ ਹੁਕਮ ਦੇ ਖ਼ਿਲਾਫ਼ ਸਿਖਰਲੀ ਅਦਾਲਤ ਦਾ ਰੁਖ ਕੀਤਾ ਸੀ।

# Dr. Dhanju

## We'll take care of your Teeth



| General | Cosmetic | Surgical | High-Tech Exam |
|---|---|---|---|
| Exams/Cleaning | Teeth Whitening | Wisdom Teeth | Dignodent |
| Dental Sealants | Veneers | Implants | Digital X-Rays |
| Root Canals | Smile Design | | Intra-Oral Camera |
| Crowns/Caps | | | |
| Duentures | | | |
| Gum Disease | | | |

**SURREY**
206 - 15230 56 Ave
(HWY 10),
604-200-3993

**SURREY**
7126 King George
Blvd,
604.591.8999

**RICHMOND**
Suite 1946 6060 Minoru Blvd. Inside
Richmond Centre
(Close to Shoppers Drug Mart)
604.276.2442

**SURREY**
Suite 300 15850
24th Ave.
604.536.2700

Vol. 20, Issue: 26

Friday, JUNE 26, 2026

# REALTY CLASSIFIEDS

W: www.realtyclassifieds.ca | E: design@swmediagroup.ca | Ph: 604-312-5678,

## Homes under $500K taking up bigger share in Ontario real estate market: report

A new report says homes valued under $500,000 are taking up a bigger share of Ontario's real estate landscape, led by a shift in the condominium market.

New data released by the Municipal Property Assessment Corp. (MPAC) showed those lower-valued homes now account for nearly 24 per cent of Ontario's real estate market, up from 17 per cent in 2022.

Despite that improvement, which MPAC said signals "a rebalancing in the housing market," the report said the share of homes priced below $500,000 is still well below that of a decade ago when they made up 67 per cent.

"The past decade has reshaped Ontario's housing market, and while prices remain elevated, there have been corrections from peak conditions," the organization's chief assessor and data officer Greg Martino said in a news release.

The share of homes valued over $1 million has dropped from the 2022 peak of 35 per cent to about one-quarter today.

Condos account for much of the recent uptick in affordability, with 46 per cent of that housing segment valued under $500,000 in 2026, up from 24 per cent just four years ago.

The report noted other housing types remain less accessible. Just five per cent of townhouses are valued under $500,000 today, up from the 2022 low of three per cent but down sharply from 69 per cent in 2016. For semi-detached homes, 15 per cent are valued under $500,000, down from 52 per cent in 2016. Across the detached market, 18 per cent are below that price point, down from 60 per cent a decade ago.

More communities throughout Ontario are moving into lower price ranges, according to the data. Between 2022 and 2026, the number of municipalities with a median home value above $750,000 dropped to 65 from 105.

Lifestyle

REAL ESTATE GROUP

$409,000




#297 - 1840 - 160 St.

Large 3 bdrm plus 2 full bath unit in sought after Breakaway Bays!

$1,275,000



8646 - 115A Street

Investor Alert! Solid 4 bdrm 2 bath family home on a quiet street!

$349,500



#61-32959 George Ferguson

Spacious, bright, updated 2 bdrm upper END unit in Oakhurst Park!

$1,199,000



8554 - 109B Street

Charming 3 bdrm, 2 full bath rancher set on a private 7260 sqft fully fenced lot!

$339,800



#205 - 7139 - 133A St.

Afforable and beautifully updated 3 bdrm, 2 bath townhome in Suncreek!

$4,500,000



12010 - 265A Street

1.5 acre ultimate multi generational estate property in Forest Hills!



Tom Edwards
Personal Real Estate Corporation
604-341-6884
tom@northdeltahomes.com
www.northdeltahomes.com
www.lifestylerealestategroup.ca
@tomedwardsremax

Lifestyle REAL ESTATE GROUP

RE/MAX



# HARMINDER S. PATTAR PREC

COLDWELL BANKER UNIVERSE REALTY

## 604-377-2854

**BUILDERS OR INVESTOR ALERT!**

**I have BIG Chinese Investors, they are looking for Investment in Multi-family Townhouses and Hotel sites. Call for more details.**



PRIME LOCATION Well kept over 3700 sq ft house with 4 bedrooms,2 Bathroom , family Room , kitchen big covered sundeck on side upstairs .. (2+1) bedroom 2 suits & recroom with washroom in basement.. sitting on 7200 sq ft lot .. Near 124 & 82 Ave

For more info pls call

### COMMERCIAL PLAZA FOR SALE 2638-2640 CEDAR PARK PLACE, ABBOTSFORD



THIS IS A FULLY LEASED WITH 10 SEPARATELY LEASED RETAIL. COMMERCIAL PROPERTY SITUATED IN THE HEART OF ABBOTSFORD.. IT IS LOCATED JUST TWO BLOCK FROM CITY HALL CORNER OF SOUTH FRASER WAY AD CEDAR PARK PLACE. ITS OVER 17000 SQ FT BUILDING SITUATED ON OVER 13000 SQ FT LOT AREA, ITS HIGH VISIBLE PROMINENT WITH LARGE FRONTAGE.

**$6,699,000**

### 2711 4730 LOUGHEED HIGHWAY



Welcome to North-East Facing 2 Bed 2 Bath Home with Panoramic Views from sparkling morning sunrises to snow-capped mountain vistas. The layout places the two bedrooms away from each other, making the space more private.

**$789,000**

### 3004 4890 LOUGHEED HIGHWAY



Welcome to this spacious 2 Bed 2 Bath Home with Panoramic Views from sparkling morning sunrises to snow-capped mountain vistas. The layout places the two bedrooms away from each other, making the space more private. This unit features a modernized kitchen, smart home features like radiant heated balconies and a spacious living area. Don't miss this opportunity! Contact us to book a provate showing.

**$879,000**

### #45 12036 66 AVE, SURREY $779,000



Discover this beautiful , bright and spacious 3-bedroom, 2.5-bathroom townhome in a highly desirable central location.The home features a spacious west-facing sundeck, perfect for soaking in the afternoon sun or enjoying evening relaxation.The double tandem garage offers convenient parking andextra storage. With public transit just steps away on scott road, commuting is a breeze.Families will love the proximity to top-rated schools, ensuringexcellent education options. You'll also find a variety of shopping, dining, and entertainment options nearby, making this home a perfect blend of convenience and comfort.

**$799,000**

THE PUBLISHED INFORMATION IS FROM RELIABLE SOURCES BUT SHOULD NOT BE RELIED UPON WITHOUT VERIFICATION. REALTY CLASSIFIEDS ASSUME NO RESPONSIBILITY FOR ITS ACCURACY. PLEASE CONTACT YOUR LOCAL REALTOR FOR FURTHER VERIFICATION AND DETAILS. THANK YOU.

# REALTY CLASSIFIED




KULVIR SAHOTA PREC.

778.863.2472

sahotakulvir@gmail.com

Top-selling Agent in Surrey Office

Since 2017, 2018, 2019, 2020, 50 SOLD in 2021

Medallion Member 2017, 2018, 2019

Planet Group Realty Inc.


## 14373 66 Ave Surrey BC



Two storey house,5bed 3 full bath, 2bed basement suite, 7200 sf lot, Asking:$1429K

## 12848 65 Ave Surrey



Renovated house 3bed 3bath, 6400 sf lot, Asking: 1199K,

## 12846 68 Ave Surrey



Price $1,349,000

Excellent Opportunity to buy a 4-level Split House in West Newton, 7 Bed 4 Bath. 4 bed and 3 full bath upstairs for the main house. The property contains 2 unauthorized accommodations (2+1). The whole house rented for $6500. Walking Distance to School, Public Transit, Shopping, Market and All other Amenities.

## 101 8655 King George Blvd. Surrey




Price $829,000

CREEKSIDE VILLAGE. 2 level clean bright CORNER UNIT with 3 beds & 2.5 baths. Tiled entry, sliders to patio. priv. yard. BEAR CREEK PARK nearby,

## 19536 118B Ave



Two Storey house 5bed 4 full bath, 7500 lot, Asking: 1429K

## Townhouse for sale



2bed 2bath, 1246 sf, Asking: $690K

## Apartment for Sale



002-10760 135A Ave Brand new, 2bed 2bath, 800 sf, Asking: $649K

## 77 15151 Edmund Drive, Surrey



3 Bed+Den, 3 Bath A centrally located unit within walking distance to all banks, restaurants, dollarama, shoppers drug mart. A list of recreation facilities & amenities, including YMCA, Fresh Street Market & Panorama Village Centre, all within walking distance.

Asking $949K

## 314-7445 120 Street




## 103 13725 72A AVENUE




## 13930 77 Ave Surrey BC




## 124 13725 72A AVENUE




## 314-7445 120 Street






# ਉੱਤਰਾਖੰਡ ’ਚ ਨਿਹੰਗ ਸਿੰਘਾਂ ਤੇ ਪ੍ਰਸ਼ਾਸਨ ਵਿਚਾਲੇ ਟਕਰਾਅ ਜਾਰੀ–ਫ਼ੌਜ ਤਾਇਨਾਤ

**ਰੁਦਰਪ੍ਰਯਾਗ:** ਅਧਿਕਾਰੀਆਂ ਨੇ ਸੋਮਵਾਰ ਨੂੰ ਕਿਹਾ ਕਿ ਫ਼ੌਜ ਦੇ ਜਵਾਨ ਰੁਦਰਪ੍ਰਯਾਗ ਜ਼ਿਲ੍ਹੇ ਦੇ ਨਗਰਾਸੂ ਕਸਬੇ ਵਿੱਚ ਪਹੁੰਚ ਗਏ ਹਨ, ਜਿੱਥੇ ਇੱਕ ਗੁਰਦੁਆਰੇ ਵਿੱਚ ਪ੍ਰਸ਼ਾਸਨ ਅਤੇ ਨਿਹੰਗ ਸਿੰਘਾਂ ਦੇ ਇੱਕ ਸਮੂਹ ਵਿਚਕਾਰ ਟਕਰਾਅ ਚੱਲ ਰਿਹਾ ਹੈ। ਨਿਹੰਗ



ਮੰਗ ਕਰ ਰਹੇ ਹਨ। ਸਨਿਚਰਵਾਰ ਸ਼ਾਮ 4 ਵਜੇ ਦੇ ਕਰੀਬ, ਬਰਛਿਆਂ ਅਤੇ ਤਲਵਾਰਾਂ ਨਾਲ ਲੈਸ ਲਗਭਗ 6 ਨਿਹੰਗ ਸਿੰਘ ਗੁਰਦੁਆਰੇ ਦੀ ਛੱਤ ’ਤੇ ਚੜ੍ਹ ਗਏ ਅਤੇ 40 ਘੰਟਿਆਂ ਬਾਅਦ ਵੀ ਉੱਥੇ ਹੀ ਰਹੇ। ਗੁਰਦੁਆਰਾ ਰੁਦਰਪ੍ਰਯਾਗ ਅਤੇ ਗੌਚਰ ਦੇ ਵਿਚਕਾਰ ਨਗਰਾਸੂ ਵਿੱਚ ਸਥਿਤ ਹੈ, ਅਤੇ ਹੇਮਕੁੰਟ ਸਾਹਿਬ ਜਾਣ ਵਾਲੇ ਸਿੱਖ ਸ਼ਰਧਾਲੂਆਂ ਵਲੋਂ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਉਹ ਚਾਰ ਨਿਹੰਗ ਸਿੰਘਾਂ ਦੀ ਰਿਹਾਈ ਦੀ ਮੰਗ ਕਰ ਰਹੇ ਹਨ, ਜਿਨ੍ਹਾਂ ਨੂੰ 16 ਜੂਨ ਨੂੰ ਚਮੋਲੀ ਜ਼ਿਲ੍ਹੇ ਦੇ ਕਰਨਪ੍ਰਯਾਗ ਵਿੱਚ ਹੋਈ ਝੜਪ ਦੇ ਸਬੰਧ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਝੜਪ ਦੌਰਾਨ, ਨਿਹੰਗ ਸਿੰਘਾਂ ਨੇ ਕਥਿਤ ਤੌਰ ’ਤੇ ਕੁਝ ਸਥਾਨਕ ਲੋਕਾਂ ਨੂੰ ਤਲਵਾਰਾਂ ਨਾਲ ਜ਼ਖ਼ਮੀ ਕਰ ਦਿੱਤਾ, ਜਿਸ ਤੋਂ ਬਾਅਦ ਉਨ੍ਹਾਂ ਵਿੱਚੋਂ ਚਾਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਸੋਮਵਾਰ ਨੂੰ, ਸੂਤਰਾਂ ਨੇ ਦੱਸਿਆ ਕਿ ਪੁਲਿਸ ਅਤੇ ਇੰਡੋ-ਤਿੱਬਤੀਅਨ ਬਾਰਡਰ ਪੁਲਿਸ (ਆਈ ਟੀ ਬੀ ਪੀ) ਦੇ ਕਰਮਚਾਰੀ ਘਟਨਾ ਸਥਾਨ ’ਤੇ ਤਾਇਨਾਤ ਹਨ ਅਤੇ ਨਿਹੰਗਾਂ ਨੂੰ ਹੇਠਾਂ ਆਉਣ ਲਈ ਮਨਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਪੁਲਿਸ ਨੇ ਕਿਹਾ ਕਿ ਗੁਰਦੁਆਰੇ ਵਿੱਚ ਮੌਜੂਦ ਨਿਹੰਗ ਬਰਛੇ, ਤਲਵਾਰਾਂ, ਕੁਹਾੜੀਆਂ ਅਤੇ ਕਿਰਪਾਨਾਂ (ਧਾਰਮਿਕ ਖੰਜਰ) ਵਰਗੇ ਹਥਿਆਰਾਂ ਨਾਲ ਲੈਸ ਹਨ।ਇਸ ਤੋਂ ਪਹਿਲਾਂ ਐਤਵਾਰ ਨੂੰ ਰੁਦਰਪ੍ਰਯਾਗ ਦੀ ਪੁਲਿਸ ਸੁਪਰਡੈਂਟ ਨਿਹਾਰਿਕਾ ਤੋਮਰ ਨੇ ਕਿਹਾ ਸੀ ਕਿ ਪੁਲਿਸ, ਜ਼ਿਲ੍ਹਾ ਪ੍ਰਸ਼ਾਸਨ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਨਿਹੰਗਾਂ ਨਾਲ ਲਗਾਤਾਰ ਗੱਲਬਾਤ ਕਰ ਰਹੇ ਹਨ ਅਤੇ ਜਲਦੀ ਹੀ ਇੱਕ ਹੱਲ ਨਿਕਲਣ ਦੀ ਉਮੀਦ ਹੈ।ਉਨ੍ਹਾਂ ਨੇ ਕਿਹਾ ਸੀ, “ਗੱਲਬਾਤ ਦੇ ਸਕਾਰਾਤਮਕ ਨਤੀਜੇ ਨਿਕਲੇ ਹਨ। ਨਿਹੰਗਾਂ ਵਿੱਚੋਂ ਇੱਕ ਪ੍ਰਸ਼ਾਸਨ ਅਤੇ ਪੁਲਿਸ ਅਧਿਕਾਰੀਆਂ ਨਾਲ ਗੱਲ ਕਰਨ ਲਈ ਛੱਤ ਤੋਂ ਹੇਠਾਂ ਆਇਆ ਹੈ ਅਤੇ ਬਾਕੀ ਨਿਹੰਗਾਂ ਨਾਲ ਗੱਲਬਾਤ ਜਾਰੀ ਹੈ।” ਉਨ੍ਹਾਂ ਨੇ ਕਿਸੇ ਨੂੰ ਵੀ ਬੰਧਕ ਬਣਾਏ ਜਾਣ ਦੀਆਂ ਰਿਪੋਰਟਾਂ ਤੋਂ ਵੀ ਇਨਕਾਰ ਕੀਤਾ। ਬੇਸ਼ੱਕ, ਗੁਰਦੁਆਰੇ ਦੇ ਦੇਖਭਾਲਕਰਤਾ, ਸਰਦਾਰ ਬੇਅੰਤ ਸਿੰਘ ਨੇ ਦਾਅਵਾ ਕੀਤਾ ਕਿ ਨਿਹੰਗਾਂ ਨੇ ਇੱਕ ਵਿਅਕਤੀ ਨੂੰ ਥੋੜ੍ਹੇ ਸਮੇਂ ਲਈ ਬੰਧਕ ਬਣਾਇਆ ਸੀ, ਪਰ ਬਾਅਦ ਵਿੱਚ ਉਸਨੂੰ ਛੱਡ ਦਿੱਤਾ ਗਿਆ। ਰੁਦਰਪ੍ਰਯਾਗ ਦੇ ਜ਼ਿਲ੍ਹਾ ਮੈਜਿਸਟ੍ਰੇਟ ਵਿਸ਼ਾਲ ਮਿਸ਼ਰਾ ਨੇ ਦੱਸਿਆ ਕਿ ਹੇਮਕੁੰਟ ਸਾਹਿਬ ਦੀ ਯਾਤਰਾ ਸ਼ਾਂਤੀਪੂਰਵਕ ਚੱਲ ਰਹੀ ਹੈ । ਉਨ੍ਹਾਂ ਜਨਤਾ ਨੂੰ ਅਪੀਲ ਕੀਤੀ ਕਿ ਉਹ ਮਾਮਲੇ ਨਾਲ ਸੰਬੰਧਿਤ ਅਫਵਾਹਾਂ ਵੱਲ ਧਿਆਨ ਨਾ ਦੇਣ।

ਇਸੇ ਦੌਰਾਨ ਕਰਨ ਪ੍ਰਯਾਗ ਪੁਲਿਸ ਥਾਣੇ ’ਚ ਜ਼ਖ਼ਮੀ ਨਿਹੰਗ ਸਿੰਘ ਮਨਪ੍ਰੀਤ ਸਿੰਘ ਦੇ ਪਿਤਾ ਦੀ ਸ਼ਿਕਾਇਤ ਦੇ ਆਧਾਰ ’ਤੇ ਅਣਪਛਾਤੇ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਨਿਰਪੱਖ ਜਾਂਚ ਯਕੀਨੀ ਬਣਾਉਣ ਲਈ ਦੋਵੇਂ ਮਾਮਲਿਆਂ ਦੀ ਜਾਂਚ ਚਮੋਲੀ ਜ਼ਿਲ੍ਹੇ ਤੋਂ ਹਰਿਦੁਆਰ ਜ਼ਿਲ੍ਹੇ ’ਚ ਤਬਦੀਲ ਕਰ ਦਿੱਤੀ ਗਈ ਹੈ।


JASSAL SIGNS

*From Concept to Completion*







- *Vehicle Wraps*
- *Business Cards Signs & Posters*
- *Wide Format Printing*
- *Banners & Truck Signs*
- *Invoices & Logo Sheets*
- *Logo Design & Real Estate Signs*
- *Channel Letters & Light Boxes & More*

604-599-4221

Email: info@jassalsigns.com

**Surrey**
#101 - 7728 128 St,
Surrey

**Cloverdale**
#101- 6592 176 St,
Cloverdale

**WWW.JASSALSIGNS.COM**

# ਵਿਵਾਦਿਤ ਵੀਡੀਓ ਮਾਮਲਾ: ਸ਼੍ਰੋਮਣੀ ਅਕਾਲੀ ਦਲ ਨੇ ਫੋਰੈਂਸਿਕ ਰਿਪੋਰਟਾਂ ਉੱਤੇ ਚੁੱਕੇ ਸਵਾਲ



ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵਿਵਾਦਿਤ ਵੀਡੀਓ ਦੀਆਂ ਫਰੈਂਸਿਕ ਜਾਂਚ ਰਿਪੋਰਟਾਂ ਨੂੰ ਲੈ ਕੇ ਸਵਾਲ ਚੁੱਕੇ ਹਨ। ਮਜੀਠੀਆ ਨੇ ਅੱਜ ਸੋਸ਼ਲ ਮੀਡੀਆ ਉੱਤੇ ਵੀਡੀਓ ਜਾਰੀ ਕਰਦਿਆਂ ਪੰਜਾਬ ਪੁਲੀਸ ਦੇ ਸੀਨੀਅਰ ਅਧਿਕਾਰੀਆਂ ਵੱਲੋਂ ਗੁਰੂਗ੍ਰਾਮ ਦੀ ਲੈਬਾਰਟਰੀ ਨੂੰ ਕਥਿਤ ਤੌਰ ‘ਤੇ ਲੱਖਾਂ ਰੁਪਏ ਦੇ ਕੇ ਫੋਰੈਂਸਿਕ ਰਿਪੋਰਟ ਤਿਆਰ ਕਰਵਾਉਣ ਦੇ ਦੋਸ਼ ਲਗਾਏ ਹਨ।

ਮਜੀਠੀਆ ਨੇ ਕਿਹਾ ਕਿ ਪੰਜਾਬ ਪੁਲੀਸ ਦੇ ਸੀਨੀਅਰ ਅਧਿਕਾਰੀਆਂ ਵੱਲੋਂ ਫੌਰੈਂਸਿਕ ਲੈਬਾਰਟਰੀ ਦੇ ਅਧਿਕਾਰੀਆਂ ਨਾਲ ਹੋਟਲ ਵਿੱਚ ਮੀਟਿੰਗ ਕੀਤੀ ਗਈ, ਜਿਸ ਤੋਂ ਬਾਅਦ ਰੁਪਏ ਦਿੱਤੇ ਗਏ ਹਨ। ਇਸ ਦੇ ਨਾਲ ਹੀ ਬਿਕਰਮ ਸਿੰਘ ਮਜੀਠੀਆ ਨੇ ਕੇਂਦਰ ਅਤੇ ਹਰਿਆਣਾ ਸਰਕਾਰ ਨੂੰ ਇਸ ਮਾਮਲੇ ਦੇ ਮੁੱਖ ਗਵਾਹ ਦੀ ਜਾਨ-ਮਾਲ ਦੀ ਰੱਖਿਆ ਕਰਨ ਦੀ ਅਪੀਲ ਕੀਤੀ ਹੈ।

ਮਜੀਠੀਆ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ ਸਾਹਿਬ ਦੇ ਖ਼ਿਲਾਫ਼ ਕੂੜ ਪ੍ਰਚਾਰ ਕੀਤਾ ਜਾ ਰਿਹਾ ਹੈ, ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਨੂੰ ਚੁਣੌਤੀ ਦੇਣ ਵਾਲਿਆਂ ਨੂੰ ਲੋਕ ਕਦੇ ਵੀ ਮੁਆਫ਼ ਨਹੀਂ ਕਰਨਗੇ।

## ਸਰੀ ’ਚ ਨਸ਼ੀਲੇ ਪਦਾਰਥਾਂ ਸਣੇ ਪੰਜਾਬੀ ਨੌਜਵਾਨ ਗ੍ਰਿਫਤਾਰ

ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ‘ਚ ਨਸ਼ਾ ਤਸਕਰੀ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਦੌਰਾਨ ਸਰੀ ਪੁਲਸ ਨੇ ਵੱਡੀ ਮਾਤਰਾ ਵਿਚ ਗੈਰ-ਕਾਨੂੰਨੀ ਨਸ਼ੀਲੇ ਪਦਾਰਥ ਬਰਾਮਦ ਕੀਤੇ ਹਨ। ਇਸ ਦੌਰਾਨ 24 ਸਾਲਾ ਪੰਜਾਬੀ ਨੌਜਵਾਨ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਸ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ।

ਸਰੀ ਪੁਲਸ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਜਾਂਚ ਫਰਵਰੀ ਵਿਚ ਸ਼ੁਰੂ ਹੋਈ ਸੀ। ਇਸ ਦੌਰਾਨ ਮਈ ਵਿਚ ਇੱਕ ਘਰ ਦੀ ਤਲਾਸ਼ੀ ਸ਼ੁਰੂ ਹੋਈ ਸੀ, ਜਿੱਥੇ ਗੈਰ-ਕਾਨੂੰਨੀ ਨਸ਼ੀਲੇ ਪਦਾਰਥ ਮਿਲੇ ਸਨ। ਤਲਾਸ਼ੀ ਵਿਚ ਲਗਭਗ 16 ਕਿਲੋਗ੍ਰਾਮ ਅਫੀਮ, ਭੰਗ, ਕੋਕੀਨ, ਫੈਂਟਾਨਿਲ, ਮੇਥਾਮਫੇਟਾਮਾਈਨ ਅਤੇ ਹੈਰੋਇਨ ਦੀ ਮਾਤਰਾ ਦੇ ਨਾਲ-ਨਾਲ ਬਰਾਮਦ ਕੀਤੀ ਗਈ ਸੀ। ਇਸ ਦੌਰਾਨ 2,000 ਡਾਲਰ ਤੋਂ ਵੱਧ ਨਕਦੀ ਵੀ ਮਿਲੀ ਸੀ ਅਤੇ ਇਸ ਦੌਰਾਨ ਤਿੰਨ ਲੋਕਾਂ ਨੂੰ ਮੌਕੇ ‘ਤੇ ਗ੍ਰਿਫਤਾਰ ਕੀਤਾ ਗਿਆ ਸੀ।

ਪੁਲਸ ਦਾ ਕਹਿਣਾ ਹੈ ਕਿ 24 ਸਾਲਾ ਗੁਰਜੋਤ ਸਿੰਘ ਨੂੰ ਪਿਛਲੇ ਸ਼ੁੱਕਰਵਾਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਹੁਣ ਉਸ ‘ਤੇ ਤਸਕਰੀ ਦੇ ਪੰਜ ਮਾਮਲਿਆਂ ਦੇ ਦੋਸ਼ ਲਾਏ ਗਏ ਹਨ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੁਆਰਾ ਦੋ ਹੋਰ ਵਿਅਕਤੀਆਂ ਨੂੰ ਦੇਸ਼ ਤੋਂ ਕੱਢ ਦਿੱਤਾ ਗਿਆ ਸੀ ਜਿਨ੍ਹਾਂ ‘ਤੇ ਦੋਸ਼ ਨਹੀਂ ਲਗਾਏ ਗਏ ਸਨ। ਗੁਰਜੋਤ ਸਿੰਘ ਇਸ ਵੇਲੇ ਪੁਲਸ ਹਿਰਾਸਤ ‘ਚ ਹੈ ਅਤੇ ਉਸਦੀ ਅਗਲੀ ਅਦਾਲਤ ਵਿੱਚ ਪੇਸ਼ੀ ਸ਼ੁੱਕਰਵਾਰ ਨੂੰ ਹੋਵੇਗੀ।

A1PROMOTIONS.CA

Custom T Shirts, Hoodies, School Uniforms

Event & Tournament Packages, Trophy Awards

Large Variety Of Promotional Products




A1 PROMOTIONS NEWTON
13375-72 AVE SURREY
604-763-1500
sales@a1promotions.ca

A1 PROMOTIONS HYLAND
6638-152A Street Surrey
604-597-8356
sales152@a1promotions.ca

# ਬਗਰਾੜੀ ਤੋਂ ਬਰਗਾੜੀ ਦਾ ਸਫ਼ਰ ਭਗਵੰਤ ਸਿੰਘ ਮਾਨ ਤੱਕ

ਗੱਲ ਕਿਰਦਾਰਾਂ ਤੋਂ ਵੱਧ ਵਰਤਾਰੇ ਦੀ ਹੈ ਤੇ ਇਸ ਵਰਤਾਰੇ ਦੀ ਜੜ੍ਹ ਸਥਾਨਕ ਜ਼ਬਾਨ ਵਿੱਚ ਬਗਰਾੜੀ ਨਾਂ ਨਾਲ ਜਾਣੇ ਜਾਂਦੇ ਇੱਕ ਸਾਧਾਰਨ ਪਿੰਡ ਦੇ ਸਰਕਾਰੀ ਰਿਕਾਰਡ ਵਿੱਚ ਬਰਗਾੜੀ ਨਾਂ ਨਾਲ ਆਲਮੀ ਪੱਧਰ ’ਤੇ ਚਰਚਿਤ ਹੋਣ ਵਿੱਚ ਹੈ। ਇਹ ਵਰਤਾਰਾ ਹੁਣ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਪ੍ਰਭਾਵਿਤ ਕਰਨ ਵੱਲ ਵਧ ਰਿਹਾ ਹੈ। ਬਰਗਾੜੀ ਵਰਤਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸਬੰਧਿਤ ਹੈ। ਅਕਾਲ ਤਖ਼ਤ ਸਾਹਿਬ ਤੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਬਾਰੇ 15 ਜੂਨ ਨੂੰ ਦਿੱਤਾ ਗਿਆ ਆਦੇਸ਼ ਇਸੇ ਵਰਤਾਰੇ ਦੀ ਕੜੀ ਵਜੋਂ ਦੇਖਿਆ ਜਾ ਸਕਦਾ ਹੈ।

ਕਾਫ਼ੀ ਸਮਾਂ ਪਹਿਲਾਂ ਜਨਤਕ ਹੋਈ ਮੁੱਖ ਮੰਤਰੀ ਸ੍ਰੀ ਮਾਨ ਦੀ ਇੱਕ ਕਥਿਤ ਵੀਡੀਓ ਦੇ ਆਧਾਰ ’ਤੇ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਉਨ੍ਹਾਂ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਆਦੇਸ਼ ਦਿੱਤਾ ਹੈ ਕਿ ਸਿੱਖ ਜਗਤ ਉਸ ਨੂੰ ਮੂੰਹ ਨਾ ਲਗਾਵੇ। ਇਤਿਹਾਸ ਵਿੱਚ ਕਿਸੇ ਮੁੱਖ ਮੰਤਰੀ ਬਾਰੇ ਕਦੇ ਵੀ ਇਸ ਪ੍ਰਕਾਰ ਦਾ ਹੁਕਮ ਨਹੀਂ ਸੀ ਹੋਇਆ। ਇਹ ਆਪਣੇ ਆਪ ਵਿੱਚ ਨਵਾਂ ਇਤਿਹਾਸ ਸਿਰਜਿਆ ਗਿਆ ਹੈ। ਇਹ ਆਦੇਸ਼ ਸ੍ਰੀ ਮਾਨ ਨੂੰ ‘ਗੁਰੂ ਦੋਖੀ’ ਅਤੇ ‘ਪੰਥ ਵਿਰੋਧੀ’ ਐਲਾਨਣ ਦੇ ਆਧਾਰ ’ਤੇ ਕੀਤਾ ਗਿਆ ਹੈ। ਇਸ ਵੀਡੀਓ ਨੂੰ ਸਿੱਖ ਧਰਮ ਦੀ ਬੇਅਦਬੀ ਦਰਸਾਇਆ ਗਿਆ ਹੈ ਅਤੇ ਇਸ ਪ੍ਰਕਾਰ ਇਹ ਬਰਗਾੜੀ ਵਰਤਾਰੇ ਦਾ ਹਿੱਸਾ ਹੈ।

ਇਸ ਵੀਡੀਓ ਦੇ ਆਧਾਰ ’ਤੇ ਮੁੱਖ ਮੰਤਰੀ ਨੂੰ ਅਕਾਲ ਤਖ਼ਤ ਸਾਹਿਬ ਵੱਲੋਂ ਤਲਬ ਕੀਤੇ ਜਾਣ ’ਤੇ ਉਹ ਰਾਸ਼ਟਰਪਤੀ ਸ੍ਰੀਮਤੀ ਦ੍ਰੋਪਦੀ ਮੁਰਮੂ ਦਾ ਅੰਮ੍ਰਿਤਸਰ ਦਾ ਪ੍ਰੋਗਰਾਮ ਛੱਡ ਕੇ 15 ਜਨਵਰੀ ਨੂੰ ਜਥੇਦਾਰ ਗੜਗੱਜ ਸਾਹਮਣੇ ਰਿਕਾਰਡ ਲੈ ਕੇ ਪੇਸ਼ ਹੋਏ ਸਨ। ਇਹ ਕਥਿਤ ਵੀਡੀਓ ਗੁਰੂ ਸਾਹਿਬਾਨ ਦੀ ਮਨੋ-ਕਲਪਿਤ ਫੋਟੋ ਦੀ ਬੇਅਦਬੀ ਨਾਲ ਸਬੰਧਿਤ ਹੈ। ਸਿੱਖ ਧਰਮ ਵਿੱਚ ਭਾਵੇਂ ਬੁੱਤ ਪੂਜਾ ਦੀ ਮਨਾਹੀ ਹੈ, ਪਰ ਸਤਿਕਾਰ ਕਰਨਾ ਤਾਂ ਬਣਦਾ ਹੈ।

ਇਨ੍ਹਾਂ ਦੋਸ਼ਾਂ ਨੂੰ ਮੁੱਢੋਂ ਰੱਦ ਕਰਦਿਆਂ ਸ੍ਰੀ ਮਾਨ ਨੇ ਪੰਥਕ ਕਚਹਿਰੀ ਦਾ ਰੁਖ਼ ਕੀਤਾ ਹੈ। ਪੰਥ ਸੁਪਰੀਮ ਹੈ। ਆਪਣੇ ਬਿਆਨ ਵਿੱਚ ਉਨ੍ਹਾਂ ਕਿਹਾ ਕਿ ਆਖ਼ਰੀ ਫ਼ੈਸਲਾ ਸੰਗਤ ਕਰੇਗੀ। ਉਨ੍ਹਾਂ ਦਾ ਤਰਕ ਹੈ ਕਿ ਵੀਡੀਓ ਕਿਸੇ ਹੋਰ ਵਿਅਕਤੀ ਦੀ ਹੈ। ਅਕਾਲ ਤਖ਼ਤ ਸਾਹਿਬ ਵੱਲੋਂ ਐਲਾਨਿਆ ਗਿਆ ਦੂਸਰਾ ਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸਬੰਧਿਤ ‘ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ’ ਨਾਲ ਸਬੰਧਿਤ ਹੈ। ਸਰਕਾਰ ’ਤੇ ਅਕਾਲ ਤਖ਼ਤ ਸਾਹਿਬ ਦੀਆਂ ਭਾਵਨਾਵਾਂ ਨੂੰ ਨਜ਼ਰਅੰਦਾਜ਼ ਕਰਨ ਦਾ ਦੋਸ਼ ਹੈ। ਅਕਾਲ ਤਖ਼ਤ ਸਾਹਿਬ ਵੱਲੋਂ ਕੁਝ ਸੋਧਾਂ ਦਾ ਸੁਝਾਅ ਦਿੱਤਾ ਗਿਆ ਸੀ, ਜਿਸ ਨੂੰ ਸਰਕਾਰ ਨੇ ਨਹੀਂ ਮੰਨਿਆ। ਇਸ ਲਈ ਸਾਰੇ ਸਿੱਖ ਕੈਬਨਿਟ ਮੰਤਰੀਆਂ ਅਤੇ ਵਿਧਾਨ ਸਭਾ ਦੇ ਸਾਰੇ ਸਿੱਖ ਮੈਂਬਰਾਂ ਨੂੰ 29 ਜੂਨ ਨੂੰ ਪੇਸ਼ ਹੋ ਕੇ ਸਪੱਸ਼ਟੀਕਰਨ ਦੇਣ ਦਾ ਆਦੇਸ਼ ਦਿੱਤਾ ਗਿਆ ਹੈ।

ਪਹਿਲੀਆਂ ਸਰਕਾਰਾਂ ਨੇ ਵੀ ਸਖ਼ਤ ਕਾਨੂੰਨ ਬਣਾਉਣ ਦੀ ਕੋਸ਼ਿਸ਼ ਕੀਤੀ ਸੀ, ਜੋ ਸਿਰੇ ਨਾ ਲੱਗੀ। ਮਾਨ ਸਰਕਾਰ ਨੇ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵੱਲੋਂ ਸਾਲ 2008 ਵਿੱਚ ਬਣਾਏ ਸਤਿਕਾਰ ਐਕਟ ਵਿੱਚੋਂ ਰਸਤਾ ਲੱਭਿਆ ਅਤੇ ਸਿੱਖਾਂ ਦੇ ਇੱਕ ਵੱਡੇ ਹਿੱਸੇ ਦੀ ਮੰਗ ’ਤੇ ਸਖ਼ਤ ਸਜ਼ਾ ਦਾ ਕਾਨੂੰਨ ਕਾਮਯਾਬੀ ਨਾਲ ਬਣਾ ਦਿੱਤਾ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਨਾਲ ਹੀ ਇਸ ਦਾ ਸੁਆਗਤ ਕਰ ਦਿੱਤਾ, ਪਰ ਅਗਲੇ ਦਿਨ ਹੀ ਉਨ੍ਹਾਂ ਨੂੰ ਅਹਿਸਾਸ ਹੋਇਆ ਜਾਂ ਸ਼ਾਇਦ ਕਰਵਾਇਆ ਗਿਆ ਕਿ ਗ਼ਲਤੀ ਹੋ ਗਈ ਅਤੇ ਉਨ੍ਹਾਂ ਨੇ ਇਸ ਮਾਮਲੇ ਨੂੰ ਅਕਾਲ ਤਖ਼ਤ ਸਾਹਿਬ ’ਤੇ ਭੇਜ ਦਿੱਤਾ ਅਤੇ ਆਪ ਸੁਰਖ਼ਰੂ ਹੋ ਗਏ। ਜਿਸ ਕਾਨੂੰਨ ਨੂੰ ਬਣਾਉਣ ਵਿੱਚ ਅਕਾਲੀ ਸਰਕਾਰ ਨਾਕਾਮ ਹੋਈ, ਉਸ ਮਾਮਲੇ ’ਤੇ ਮਾਨ ਸਰਕਾਰ ਨੇ ਬਾਜ਼ੀ ਮਾਰ ਲਈ। ਇਹ ਕਾਨੂੰਨ ਪਾਸ ਹੋਣ ਸਮੇਂ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਸਣੇ ਕਈ ਧਾਰਮਿਕ ਸ਼ਖ਼ਸੀਅਤਾਂ ਵਿਧਾਨ ਸਭਾ ਦੀ ਗਵਰਨਰ ਗੈਲਰੀ ਵਿੱਚ ਹਾਜ਼ਰ ਸਨ। ਬੇਅਦਬੀ ਕਰਨ ਵਾਲਿਆਂ ਨੂੰ ਸਖ਼ਤ ਸਜ਼ਾ ਲਈ ਸਮਾਣਾ ਸ਼ਹਿਰ ਵਿੱਚ ਕਈ ਮਹੀਨਿਆਂ ਤੋਂ ਟਾਵਰ ਮੋਰਚਾ ਚੱਲ ਰਿਹਾ ਸੀ। ਇਸ ਲਈ ਕਾਨੂੰਨ ਦਾ ਪਾਸ ਹੋਣਾ ਮਾਨ ਸਰਕਾਰ ਦੀ ਵੱਡੀ ਪ੍ਰਾਪਤੀ ਬਣ ਗਿਆ ਅਤੇ ਇਸ ਦੇ ਨਾਲ ਹੀ ਇਸ ’ਤੇ ਸਿਆਸਤ ਸ਼ੁਰੂ ਹੋ ਗਈ।

ਭਵਿੱਖ ਦੀ ਸਿਆਸਤ ’ਤੇ ਇਸ ਦੇ ਅਸਰ ਦਾ ਅੰਦਾਜ਼ਾ ਲਗਾਉਣ ਲਈ ਇਤਿਹਾਸ ’ਤੇ ਨਿਗ੍ਹਾ ਮਾਰਨੀ ਜ਼ਰੂਰੀ ਹੈ। ਇਸ ਸਿੱਖ ਬਹੁਗਿਣਤੀ ਵਾਲੇ ਸੂਬੇ ਵਿੱਚ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਵਿਧਾਨ ਸਭਾ ਚੋਣਾਂ ਤੋਂ ਕੁਝ ਹੀ ਮਹੀਨੇ ਪਹਿਲਾਂ ਸਿੱਖਾਂ ਨੂੰ ਮੁੱਖ ਮੰਤਰੀ ਦੇ ਬਾਈਕਾਟ ਦਾ ਆਦੇਸ਼ ਦਿੱਤਾ ਗਿਆ ਹੈ। ਮੁੱਦਾ ਇਹ ਹੈ ਕਿ ਸਿਆਸੀ ਪੱਧਰ ’ਤੇ ਇਸ ਦਾ ਫ਼ਾਇਦਾ ਕਿਸ ਪਾਰਟੀ ਨੂੰ ਹੋ ਸਕਦਾ ਹੈ? ਸਾਲ 1996 ਦੀ ਮੋਗਾ ਕਾਨਫਰੰਸ ਤੱਕ ਸ਼੍ਰੋਮਣੀ ਅਕਾਲੀ ਦਲ ਨੇ ਸਿੱਖ ਹਿੱਤਾਂ ਦੀ ਨੁਮਾਇੰਦਗੀ ਕੀਤੀ ਹੈ। ਇਹੀ ਪਾਰਟੀ ਸਮੇਂ ਸਮੇਂ ’ਤੇ ਸੱਤਾ ਵਿੱਚ ਰਹੀ ਹੈ। ਇਹ ਪਾਰਟੀ ਇਸ ਵਾਰ ਵੀ ਪੂਰੀ ਜ਼ੋਰ-ਅਜ਼ਮਾਈ ਕਰ ਰਹੀ ਹੈ ਤੇ ਕਰਨੀ ਵੀ ਚਾਹੀਦੀ ਹੈ। ਸ਼੍ਰੋਮਣੀ ਅਕਾਲੀ ਦਲ 2017 ਤੋਂ ਬਾਅਦ ਸੱਤਾ ਤੋਂ ਬਾਹਰ ਹੈ। ਜਦੋਂ ਸਿਆਸਤ ਵਪਾਰ ਬਣ ਚੁੱਕੀ ਹੋਵੇ ਤਾਂ ਲੰਮਾ ਸਮਾਂ ਸੱਤਾ ਤੋਂ ਬਾਹਰ ਰਹਿਣਾ ਔਖਾ ਹੁੰਦਾ ਹੈ।

ਸੁਖਬੀਰ ਸਿੰਘ ਬਾਦਲ ਲਈ ਤਾਂ ਇਹ ਸਿਰਫ਼ ਸੱਤਾ ਦੀ ਹੀ ਨਹੀਂ ਸਗੋਂ ਹੋਂਦ ਦੀ ਲੜਾਈ ਵੀ ਹੈ।

ਜਦੋਂ ਲੜਾਈ ਇੰਨੀ ਤਿੱਖੀ ਹੋਵੇ ਤਾਂ ਹਰ ਹਥਿਆਰ ਵਰਤਣਾ ਜਾਇਜ਼ ਸਮਝਿਆ ਜਾਂਦਾ ਹੈ। ਇੱਥੇ ਇਹ ਗੱਲ ਵੀ ਧਿਆਨ ਵਿੱਚ ਰੱਖਣੀ ਜ਼ਰੂਰੀ ਹੈ ਕਿ ਸੱਤਾ ਤੋਂ ਬਾਹਰ ਰਹਿ ਕੇ ਵੀ ਸੁਖਬੀਰ ਬਾਦਲ ਪੂਰੀ ਤਰ੍ਹਾਂ ਸੱਤਾ ਤੋਂ ਬਾਹਰ ਨਹੀਂ ਕਿਉਂਕਿ ਸ਼੍ਰੋਮਣੀ ਕਮੇਟੀ ’ਤੇ ਸ਼੍ਰੋਮਣੀ ਅਕਾਲੀ ਦਲ ਦਾ ਦਬਦਬਾ ਹੈ। ਸ਼੍ਰੋਮਣੀ ਕਮੇਟੀ ਕੋਲ ਹੀ ਸਰਬਉੱਚ ਸੰਸਥਾ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਹੈ। ਇਸ ਲਈ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬਾਨ ਅਚਾਨਕ ਹੀ ਬਦਲੇ ਜਾਂਦੇ ਹਨ। ਇਸ ਸਰਬਉੱਚ ਸੰਸਥਾ ਲਈ ਨਿਯੁਕਤੀਆਂ ਦਾ ਅੱਜ ਤੱਕ ਕੋਈ ਪੱਕਾ ਵਿਧਾਨ ਨਹੀਂ ਬਣ ਸਕਿਆ।

ਇਨ੍ਹਾਂ ਸੰਸਥਾਵਾਂ ’ਤੇ ਕੰਟਰੋਲ ਹੋਣ ਕਾਰਨ ਪੰਥਕ ਸਿਆਸਤ ਤੋਂ ਦੂਰੀ ਬਣਾਉਣ ਦੀ ਨੀਤੀ ਅਪਣਾਉਣ ਦੇ ਬਾਵਜੂਦ ਅਕਾਲੀ ਦਲ ਇਸੇ ਸਿਆਸਤ ਵਿੱਚ ਫਸ ਗਿਆ ਹੈ। ਪੰਥਕ ਸਿਆਸਤ ਇਨ੍ਹਾਂ ਸੰਸਥਾਵਾਂ ਦੇ ਵਹਿਣ ਅਤੇ ਵਰਤਾਰੇ ਦੀ ਸਮਝ ਤੋਂ ਬਿਨਾਂ ਨਹੀਂ ਕੀਤੀ ਜਾ ਸਕਦੀ। ਇਹ ਗੱਲ ਆਮ ਆਦਮੀ ਪਾਰਟੀ ਨੂੰ ਵੀ ਸਮਝ ਲੈਣੀ ਚਾਹੀਦੀ ਹੈ ਕਿਉਂਕਿ ਇਸ ਦਾ ਵਾਹ ਵੀ ਹੁਣ ਪੰਥਕ ਸਿਆਸਤ ਅਤੇ ਪੰਥਕ ਸੰਸਥਾਵਾਂ ਨਾਲ ਪੈ ਗਿਆ ਹੈ। ਅਕਾਲੀ ਦਲ ਨੂੰ ਤਾਂ ਪਹਿਲਾਂ ਹੀ ਪੰਥ ਦੀ ਮਾਰ ਪੈ ਚੁੱਕੀ ਹੈ। ਪੰਥ ਨੇ ਤਾਂ ਪੰਜ ਵਾਰ ਰਹੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ 70 ਸਾਲ ਦੀ ਵਿਰਾਸਤ ’ਤੇ 2 ਦਸੰਬਰ 2024 ਨੂੰ ਪਾਣੀ ਫੇਰ ਦਿੱਤਾ ਸੀ। ਇਹ ਵਰਣਨਯੋਗ ਹੈ ਕਿ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੁਆਰਾ 15 ਨੂੰ ਪੰਥਕ ਸੰਸਥਾਵਾਂ ਦੀ ਬੁਲਾਈ ਮੀਟਿੰਗ ਵਿੱਚ ਇਹ ਜ਼ਿਕਰ ਸੁਣਨ ਨੂੰ ਮਿਲਿਆ ਸੀ ਕਿ ਅਕਾਲ ਤਖ਼ਤ ਸਾਹਿਬ ਦੇ ਵੱਕਾਰ ਨੂੰ ਸਭ ਤੋਂ ਵੱਧ ਸੱਟ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਨੇ ਮਾਰੀ ਹੈ।

ਸੁਖਬੀਰ ਸਿੰਘ ਬਾਦਲ ਦੁਆਰਾ 2 ਦਸੰਬਰ 2024 ਦੇ ਹੁਕਮਨਾਮੇ ’ਤੇ ਸੁਆਲੀਆ ਨਿਸ਼ਾਨ ਲਗਾਉਣਾ ਅਕਾਲ ਤਖ਼ਤ ਸਾਹਿਬ ਦੇ ਵੱਕਾਰ ਨੂੰ ਸੱਟ ਮਾਰਨਾ ਹੈ ਅਤੇ ਇਸ ਵਿਰੁੱਧ ਲਿਖਤੀ ਸ਼ਿਕਾਇਤ ਵੀ ਹੋ ਚੁੱਕੀ ਹੈ, ਜਿਸ ’ਤੇ ਹੁਣ ਤੱਕ ਕੋਈ ਕਾਰਵਾਈ ਨਹੀਂ ਹੋਈ। ਸ੍ਰੀ ਮਾਨ ਵੱਲੋਂ 15 ਜੂਨ ਦੇ ਆਦੇਸ਼ ’ਤੇ ਸਵਾਲੀਆ ਨਿਸ਼ਾਨ ਲਗਾਉਣਾ ਵੀ ਪਹਿਲੀ ਨਜ਼ਰੇ ਇਹੋ ਜਿਹਾ ਹੀ ਵਰਤਾਰਾ ਜਾਪਦਾ ਹੈ। ਮਸਲਾ ਸੰਸਥਾ ਦਾ ਨਹੀਂ ਸਗੋਂ ਸੰਸਥਾਵਾਂ ਦੇ ਅਹੁਦਿਆਂ ’ਤੇ ਨਿਯੁਕਤ ਕੀਤੇ ਵਿਅਕਤੀਆਂ ਦੀ ਭਰੋਸੇਯੋਗਤਾ ਦਾ ਹੈ। ਇਨ੍ਹਾਂ ਨਿਯੁਕਤੀਆਂ ਲਈ ਪੱਕਾ ਵਿਧਾਨ ਬਣਾਉਣ ਦਾ ਮਸਲਾ ਕਈ ਵਾਰ ਉੱਠ ਚੁੱਕਿਆ ਹੈ ਅਤੇ ਕਮੇਟੀਆਂ ਵੀ ਬਣੀਆਂ ਹਨ, ਪਰ ਹੋਇਆ ਕੁਝ ਵੀ ਨਹੀਂ।

ਅਸਲ ਮਸਲਾ ਤਾਂ ਬਗਰਾੜੀ ਤੋਂ ਬਰਗਾੜੀ ਦੇ ਸਫ਼ਰ ਯਾਨੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਵਰਤਾਰੇ ਦਾ ਹੈ। ਗੁਨਾਹਗਾਰਾਂ ਦੀ ਨਿਸ਼ਾਨਦੇਹੀ ਹੋਈ ਨੂੰ ਵੀ ਹੁਣ ਤਾਂ ਕਈ ਸਾਲ ਹੋ ਚੁੱਕੇ ਹਨ। ਮੁੱਖ ਦੋਸ਼ੀ ਯਾਨੀ ਕਿ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਦੀ ਤਾਂ ਪੁਲੀਸ ਹਿਰਾਸਤ ਵਿੱਚ ਅੱਜ ਤੱਕ ਪੁੱਛਗਿੱਛ ਹੀ ਨਹੀਂ ਹੋਈ। ਲਗਾਤਾਰ ਹੋ ਰਹੀਆਂ ਬੇਅਦਬੀਆਂ ਦੀ ਜੜ੍ਹ ਇਨਸਾਫ਼ ਨਾ ਮਿਲਣ ਵਿੱਚ ਹੈ, ਸਖ਼ਤ ਕਾਨੂੰਨ ਹੋਣ ਜਾਂ ਨਾ ਹੋਣ ਵਿੱਚ ਨਹੀਂ। ਪੰਜਾਬ ਨੇ ਪਹਿਲਾਂ ਹੀ ਬਹੁਤ ਭੁਗਤਿਆ ਹੈ। ਅਖੀਰ ’ਤੇ ਗੱਲ ਅਕਾਲ ਤਖ਼ਤ ਸਾਹਿਬ ਅਤੇ ਭਗਵੰਤ ਸਿੰਘ ਮਾਨ ਦੀ ਸਰਕਾਰ ਦਰਮਿਆਨ ਵਧਦੇ ਟਕਰਾਅ ਨੂੰ ਟਾਲਣ ਦੀ ਹੈ। ਸਮੇਂ ਸਮੇਂ ’ਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਕਿਸੇ ਵਿਅਕਤੀ ਜਾਂ ਸ਼ਕਤੀ ਦਾ ਮੋਹਰਾ ਹੋਣ ਦੇ ਦੋਸ਼ ਲੱਗਣਾ ਵੱਖਰਾ ਪਹਿਲੂ ਹੈ। ਇਹ ਇਲਜ਼ਾਮ ਪਹਿਲਾਂ ਸੁਖਬੀਰ ਸਿੰਘ ਬਾਦਲ ਨੇ ਲਗਾਏ ਤੇ ਹੁਣ ਭਗਵੰਤ ਸਿੰਘ ਮਾਨ ਨੇ। ਹਿਸਾਬ ਬਰਾਬਰ। ਅਸਲ ਫ਼ੈਸਲਾ ਜਨਤਾ ਦੀ ਅਦਾਲਤ ਨੇ ਕਰਨਾ ਹੈ। ਬੇਅਦਬੀ ਦੇ ਵਰਤਾਰੇ ਨੂੰ ਠੱਲ੍ਹ ਪੈਣੀ ਜ਼ਰੂਰੀ ਹੈ।

**ਜਗਤਾਰ ਸਿੰਘ**


## REAL PLUMBING

EMERGENCY SERVICE
7 DAYS A WEEK




HOT WATER TANKS
SOLD - SERVICED
AND REMOVED

ਕਿਸੇ ਵੀ ਤਰ੍ਹਾਂ ਦੀ ਪਲੰਬਿੰਗ ਦੀ ਪ੍ਰੋਬਲਮ
ਹੈ ਤਾਂ ਫੋਨ ਕਰੋ

ਸਤਵਿੰਦਰ ਰੀਹਲ

Satwinder Reehal

604-327-5096

## RIGHTWAY PAINTING

ਵਧੀਆ ਕੰਮ-ਵਾਜਿਬ ਕੀਮਤ

Commercial & Residential
GENERAL PAINT
THE PAINT EXPERTS
QUALITY WORKMANSHIP

- Stucco Painting
- Driveway Sealing
- Power Washing
- Repaint Job

ਹਰ ਤਰ੍ਹਾਂ ਦੀ ਪੇਂਟ ਜੋਬ ਲਈ
ਜਸਬੀਰ ਭੰਡਾਲ ਨੂੰ ਫੋਨ ਕਰੋ।

JASVIR BHANDAL

604-834-4335 <> 604-581-5759




WCC WESTERN COMMUNITY COLLEGE

# HEALTH CARE ASSISTANT

PROGRAM

## START YOUR **HCA JOURNEY**

The Health Care Assistant Program is designed to provide students with opportunities to develop the knowledge, skills, and attitudes necessary to function effectively as front-line caregivers and members of the healthcare team.

**MORNING | EVENING**
SCHEDULES

**FINANCIAL AID**
AVAILABLE

**97%**
**GRADUATE**
EMPLOYMENT RATE

**$27***
**HOURLY WAGE**
AVERAGE

SURREY | ABBOTSFORD 604.594.3500 WCC.CA/HCA

# ਸੋਸ਼ਲ ਮੀਡੀਆ ਖ਼ਿਲਾਫ਼ ਖੁੱਲ੍ਹ ਰਹੀ ਨੀਂਦ



ਰਸਮੀ ਤੌਰ 'ਤੇ 1990ਵੇਂ ਦਹਾਕੇ 'ਚ ਸ਼ੁਰੂ ਅਤੇ 1997 'ਚ ਹਰ ਪਾਸੇ ਹੋਂਦ 'ਚ ਆਇਆ ਸੋਸ਼ਲ ਮੀਡੀਆ, ਜਿੱਥੇ ਜੀਵਨ ਦੇ ਹਰ ਖੇਤਰ 'ਚ ਬਹੁਤ ਮਕਬੂਲ ਹੋਇਆ, ਉੱਥੇ ਹੀ ਸਮਾਂ ਪਾ ਕੇ ਇਸ ਨੇ ਕੱਚੀ ਉਮਰ ਦੇ ਬੱਚਿਆਂ 'ਤੇ ਬਹੁਤ ਬੁਰਾ ਸਰੀਰਕ, ਮਾਨਸਿਕ, ਮਨੋਵਿਗਿਆਨਿਕ, ਬੌਧਿਕ ਅਤੇ ਸਮਾਜਿਕ ਤੌਰ 'ਤੇ ਅਸਰ ਪਾਉਣਾ ਸ਼ੁਰੂ ਕਰ ਦਿੱਤਾ। ਇਸ 'ਚ ਬੱਚਿਆਂ ਦੇ ਜਿਹਨ 'ਤੇ ਮਾਰੂ ਪ੍ਰਭਾਵ ਪਾਉਣ ਵਾਲੀ ਸਮੱਗਰੀ ਨੇ ਦਿਨ-ਬ-ਦਿਨ ਮਾਪਿਆਂ, ਸਮਾਜ ਅਤੇ ਸੂਬੇ ਦੀਆਂ ਚਿੰਤਾਵਾਂ ਵਧਾ ਦਿੱਤੀਆਂ। ਬੱਚਿਆਂ ਦੀ ਦੇਖ-ਰੇਖ ਤੋਂ ਖਹਿੜਾ ਛਡਾਉਣ ਲਈ ਮਾਪਿਆਂ ਨੂੰ ਉਨ੍ਹਾਂ ਨੂੰ ਲੈਪਟਾਪ, ਟੈਬਲੈਟ, ਮੋਬਾਈਲ ਦੇ ਕੇ ਆਹਰੇ ਲਾਈ ਰੱਖਣ ਦਾ ਤਰੀਕਾ ਭਾਰੂ ਪੈਣ ਲੱਗਾ ਬਲਕਿ ਸਕੂਲ ਸਿੱਖਿਆ ਅਤੇ ਬੱਚਿਆਂ ਦੀ ਭਵਿੱਖੀ ਸ਼ਖ਼ਸੀਅਤ ਦੀ ਸਿਰਜਣਾ ਲਈ ਬਹੁਤ ਮਾਰੂ ਸਾਬਤ ਹੋ ਰਿਹਾ ਹੈ। ਬੱਚੇ ਡਿਪਰੈਸ਼ਨ, ਮੋਟਾਪਾ, ਖਾਣ-ਪੀਣ ਦੀਆਂ ਆਦਤਾਂ, ਅੱਖਾਂ ਅਤੇ ਸਰੀਰਕ ਰੋਗਾਂ, ਜਿਵੇਂ ਗੁੱਸਾ, ਆਤਮ-ਹੱਤਿਆ, ਜਿਨਸੀ ਸੋਚ, ਕਾਸਮੈਟਿਕ ਸਰਜਰੀ, ਇਕੱਲਾਪਣ, ਉਪਰਾਮਤਾ ਅਤੇ ਬਗ਼ਾਵਤੀ ਵਰਤਾਰੇ ਦੇ ਸ਼ਿਕਾਰ ਹੋਣ ਲੱਗੇ। ਬੱਚਿਆਂ ਦੇ ਭਵਿੱਖ ਨੂੰ ਲੈ ਕੇ ਕੌਮਾਂਤਰੀ ਪੱਧਰ 'ਤੇ ਮਾਪੇ, ਸਮਾਜ ਅਤੇ ਸਰਕਾਰਾਂ ਇਸ ਮਾਰੂ ਸੋਸ਼ਲ ਮੀਡੀਆ ਦੇ ਵਿਰੋਧ 'ਚ ਉੱਠ ਰਹੀ ਤਿੱਖੀ ਆਵਾਜ਼ ਤੋਂ ਪ੍ਰਭਾਵਿਤ ਹੋਣ ਲੱਗੀਆਂ। ਇਸ ਤੋਂ ਦੁਖੀ ਹੋ ਕੇ ਸਭ ਤੋਂ ਪਹਿਲਾਂ ਆਸਟ੍ਰੇਲੀਆ, ਬ੍ਰਾਜ਼ੀਲ ਅਤੇ ਇੰਡੋਨੇਸ਼ੀਆ ਦੀਆਂ ਸਰਕਾਰਾਂ ਨੇ ਅਜਿਹੇ ਕਾਨੂੰਨ ਲਿਆਂਦੇ, ਜਿਨ੍ਹਾਂ ਰਾਹੀਂ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ ਪ੍ਰੋਗਰਾਮ ਵਰਜਿਤ ਕੀਤੇ ਗਏ। ਇਨ੍ਹਾਂ 'ਚੋਂ ਸਭ ਤੋਂ ਵਧੀਆ ਕਾਨੂੰਨ ਦਸੰਬਰ 2025 'ਚ ਆਸਟ੍ਰੇਲੀਆ ਦੀ ਸਰਕਾਰ ਨੇ ਲਿਆਂਦਾ। ਕਰੀਬ 50 ਲੱਖ ਨਾਬਾਲਿਗਾਂ ਦੇ ਅਕਾਊਂਟ ਫ਼ਰੀਜ਼ ਕੀਤੇ ਗਏ। ਉਸ ਨੇ ਇਸ ਦੇ ਘੇਰੇ ਹੇਠ ਦਸ ਪਲੇਟਫਾਰਮ, ਜਿਵੇਂ ਟਿਕ-ਟਾਕ, ਇਸਟਾਗ੍ਰਾਮ, ਥਰੈਡ, ਫੇਸਬੁਕ, ਸਨੈਪਚੈਟ, ਯੂਟਿਊਬ, ਐਕਸ, ਰੈਡਿਟ, ਟਵਿਚ ਐਂਡ ਕਿੱਕ ਆਦਿ ਲਿਆਂਦੇ ਪਰ ਇਹ ਵੇਖਿਆ ਗਿਆ ਕਿ ਆਸਟ੍ਰੇਲੀਆ 'ਚ ਵਰਚੁਅਲ ਨਿਜੀ ਨੈੱਟਵਰਕ ਅਤੇ ਜਾਅਲੀ ਪ੍ਰੋਫਾਈਲਜ਼ ਰਾਹੀਂ 16 ਸਾਲ ਤੋਂ ਘੱਟ ਉਮਰ ਦੇ ਬੱਚੇ ਸੋਸ਼ਲ ਮੀਡੀਆ ਤੱਕ ਪਹੁੰਚ ਬਣਾ ਰਹੇ ਹਨ। ਬਹੁਤ ਸਾਰੇ ਬੱਚੇ ਗ਼ੈਰ-ਰੈਗੂਲੇਟਡ ਪਲੈਟਫਾਰਮਾ ਤੱਕ ਪਹੁੰਚ ਬਣਾ ਰਹੇ ਹਨ ਜੋ ਪਾਬੰਦੀ ਦੇ ਘੇਰੇ ਤੋਂ ਬਾਹਰ ਹਨ। ਇਸ ਰਾਹੀਂ ਨੁਕਸਾਨਦਾਇਕ ਸਮੱਗਰੀ ਤੱਕ ਧੜਾਧੜ ਪਹੁੰਚ ਹਾਸਲ ਕੀਤੀ ਜਾ ਰਹੀ ਹੈ। ਇਸ ਸਬੰਧੀ ਪੱਛਮੀ ਸਿਡਨੀ ਸਥਿਤ ਪ੍ਰੋ. ਅਮਾਂਡਾ ਥਰਡ ਨੇ ਆਸਟ੍ਰੇਲਿਆ ਸਰਕਾਰ ਨੂੰ ਜਾਣਕਾਰੀ ਦਿੱਤੀ ਕਿ ਕਿਵੇਂ ਕੁਝ ਕਿਸ਼ੋਰ ਉਨ੍ਹਾਂ ਪਲੇਟਫਾਰਮਾ ਵੱਲ ਮਾਈਗਰੇਟ ਹੋ ਰਹੇ ਹਨ ਜੋ ਇਸ ਕਾਨੂੰਨ ਹੇਠ ਨਹੀਂ ਆਉਂਦੇ। ਪਾਬੰਦੀ ਦੇ ਵਿਰੋਧ ਅਤੇ ਅਪਣਾਏ ਜਾ ਰਹੇ ਅਪਰਾਧਕ ਤੌਰ ਤਰੀਕੇ ਦੇਖਦੇ ਹੋਏ ਆਸਟ੍ਰੇਲੀਆ ਦੀ ਸਰਕਾਰ ਨੇ ਕੁਝ ਇਕ ਪ੍ਰੋਗਰਾਮਾਂ ਤੋਂ ਪਾਬੰਦੀ ਹਟਾ ਲਈ ਹੈ। ਇਸੇ ਦੌਰਾਨ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਕੈਨੇਡਾ ਅੰਦਰ ਸੋਸ਼ਲ ਮੀਡੀਆ ਤੱਕ ਪਹੁੰਚ ਤੋਂ ਰੋਕ ਲਾਉਣ ਲਈ 10 ਜੂਨ 2026 ਨੂੰ ਇਕ ਪੁਖ਼ਤਾ ਬਿੱਲ ਪਾਰਲੀਮੈਂਟ 'ਚ ਪੇਸ਼ ਕੀਤਾ ਗਿਆ ਹੈ। ਦੋਹਾਂ ਸਦਨਾਂ, ਹਾਊਸ ਆਫ਼ ਕਾਮਨਜ਼ ਅਤੇ ਸੈਨੇਟ 'ਚ ਪਾਸ ਹੋਣ ਤੋਂ ਬਾਅਦ ਗਵਰਨਰ ਜਨਰਲ ਦੇ ਦਸਤਖ਼ਤਾਂ ਉਪਰੰਤ ਇਹ ਕਾਨੂੰਨ ਬਣ ਕੇ ਦੇਸ਼ 'ਚ ਲਾਗੂ ਹੋ ਜਾਏਗਾ। ਇਸ ਬਿੱਲ 'ਚ ਆਸਟ੍ਰੇਲੀਆ ਦੇ ਕਾਨੂੰਨ 'ਚ ਕਮੀਆਂ ਦੀ ਸਮੀਖਿਆ ਕਰਦਿਆਂ ਅੱਗੇ ਵਧਿਆ ਜਾਏਗਾ। ਸੋਸ਼ਲ ਮੀਡੀਆ ਤਕਨੀਕ ਦੀ ਕੁਵਰਤੋਂ, ਨਿੱਜਤਾ ਤੇ ਮੰਦੇ ਪ੍ਰਭਾਵ, ਬੱਚਿਆਂ ਦੀ ਸੁਰੱਖਿਅਤਾ, ਉਨ੍ਹਾਂ ਦੀ ਮਾਨਸਿਕ, ਬੌਧਿਕ ਅਤੇ ਸਰੀਰਕ ਸਿਹਤ 'ਤੇ ਪ੍ਰਭਾਵ ਦੇ ਵਧਦੇ ਅਸਰ ਬਾਰੇ ਸਟੱਡੀਜ਼ ਨੂੰ ਧਿਆਨ ਗੋਚਰੇ ਰੱਖਿਆ ਜਾਏਗਾ। ਕੈਨੇਡਾ ਸਰਕਾਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਸਪੱਸ਼ਟ ਕੀਤਾ ਕਿ ਜ਼ਿੰਮੇਵਾਰ ਅਧਿਕਾਰੀ ਆਸਟ੍ਰੇਲੀਆ ਦੇ ਕਾਨੂੰਨ ਦੇ ਚੰਗੇ ਮਾੜੇ ਪ੍ਰਭਾਵਾਂ ਤੋਂ ਸਬਕ ਸਿੱਖ ਕੇ ਇਹ ਕਾਨੂੰਨ ਘੜਨ ਲਈ ਅੱਗੇ ਵਧਣਗੇ। ਕੈਨੇਡੀਅਨ ਸਟੱਡੀਜ਼ ਅਨੁਸਾਰ ਨੌਜਵਾਨ ਪੀੜੀ 'ਤੇ ਸੋਸ਼ਲ ਮੀਡੀਆ ਦੇ ਮਾੜੇ ਪ੍ਰਭਾਵ ਅਤੇ ਸ਼ੋਸ਼ਣ ਕਰਕੇ ਮਾਨਸਿਕ ਪਰੇਸ਼ਾਨੀ ਅਧੀਨ ਉਨ੍ਹਾਂ 'ਚ ਆਤਮ-ਹੱਤਿਆ ਦੀ ਸੋਚ ਭਾਰੂ ਹੋ ਰਹੀ ਹੈ। 12 ਤੋਂ 17 ਸਾਲ ਦੀ ਉਮਰ ਦੇ ਬੱਚੇ ਸਾਈਬਰ ਹਮਲਿਆਂ ਦਾ ਸ਼ਿਕਾਰ ਹੋ ਰਹੇ ਹਨ। ਕੈਨੇਡੀਅਨ ਪੁਲਿਸ ਨੇ ਬਹੁਤ ਸਾਰੇ ਕੇਸ ਦਰਜ ਕੀਤੇ ਹਨ, ਜਿਨ੍ਹਾਂ 'ਚ ਆਨਲਾਈਨ ਸੋਸ਼ਲ ਮੀਡੀਆ ਕਰਕੇ ਨੌਜਵਾਨ ਬੱਚੇ-ਬੱਚੀਆਂ ਦਾ ਜਿਨਸੀ ਸ਼ੋਸ਼ਣ ਹੁੰਦਾ ਵੇਖਣ ਨੂੰ ਮਿਲਿਆ। ਇਨ੍ਹਾਂ ਦੀ ਗਿਣਤੀ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਨਵੀਆਂ ਤਕਨੀਕਾਂ 'ਚ ਆਰਟੀਫੀਸ਼ਿਅਲ ਇੰਟੈਲੀਜੈਂਸੀ (ਏਆਈ) ਸ਼ਾਮਿਲ ਹੈ, ਜਿਸ ਦੁਆਰਾ ਬਹੁਤ ਹੀ ਨੁਕਸਾਨਦਾਇਕ ਸਮੱਗਰੀ ਆਨਲਾਈਨ ਰੁਚੀ ਨੂੰ ਵਿਸਥਾਰ ਨਾਲ ਪੇਸ਼ ਕੀਤਾ ਜਾ ਰਿਹਾ ਹੈ। ਬੱਚਿਆਂ ਦਾ ਅਜਿਹੀ ਸਮੱਗਰੀ ਸਕਰੋਲ ਕਰਦੇ ਜੀ ਹੀ ਨਹੀਂ ਭਰਦਾ। ਉਹ ਆਟੋਮੈਟਿਕ ਮਸ਼ੀਨਾਂ ਵਾਂਗ ਇਨ੍ਹਾਂ ਦੇ ਮਾਰੂ ਪ੍ਰਭਾਵਾਂ ਦਾ ਅਸਲ ਜੀਵਨ 'ਚ ਸ਼ਿਕਾਰ ਬਣਦੇ ਜਾ ਰਹੇ ਹਨ, ਜੋ ਸਮਾਜ ਅਤੇ ਅਮਨ-ਕਾਨੂੰਨ ਲਈ ਅਜ਼ਾਬ ਬਣ ਰਿਹਾ ਹੈ। ਚੈਟ ਬੋਟ ਏਆਈ ਰਾਹੀਂ ਇੰਝ ਭਰੋਸੇ ਬਣ ਜਾਂਦੇ ਹਨ ਕਿ ਬੱਚੇ ਇਨ੍ਹਾਂ ਨਾਲ ਜੁੜਨ ਬਗ਼ੈਰ ਰਹਿ ਹੀ ਨਹੀਂ ਪਾਉਂਦੇ। ਉਨ੍ਹਾਂ ਦਾ ਵਤੀਰਾ ਬਹੁਤ ਹੀ ਭੈੜਾ, ਅਸੁਰੱਖਿਅਤ ਅਤੇ ਸੰਵੇਦਨਸ਼ੀਲ ਬਣਦਾ ਜਾਂਦਾ ਹੈ । ਜਾਹਨ ਮੈਥਾਸਨ ਸਲਾਹਕਾਰ ਗਲੋਬਲ ਲਾਭ ਪ੍ਰਾਪਤਹੀਣ ਕੰਪਨੀ ਰੀਸੈਟ ਟੈਕ ਦਾ ਕਹਿਣਾ ਹੈ ਕਿ ਸੋਸ਼ਲ ਮੀਡੀਆ ਦਾ ਸਭ ਤੋਂ ਖ਼ਤਰਨਾਕ ਅਤੇ ਨੁਕਸਾਨਦਾਇਕ ਲੱਛਣ ਇਹ ਹੈ ਕਿ ਇਸ ਸਬੰਧੀ ਇੰਡਸਟਰੀ ਫੋਨ, ਟੈਬਲੇਟ ਜਾਂ ਕੰਪਿਊਟਰ 'ਚ ਅਜਿਹਾ ਫਰਮਾਇਸ਼ੀ ਇੰਜਨ ਫਿੱਟ ਕਰ ਰਿਹਾ ਹੈ ਜੋ ਬੱਚੇ ਦੀ ਇੱਛਾ ਅਨੁਸਾਰ ਅੱਗੇ ਤੋਂ ਅੱਗੇ ਉਸ ਨੂੰ ਆਟੋਮੈਟਿਕ ਉਤੇਜਨਾਤਮਕ ਸਮੱਗਰੀ ਪਰੋਸਦਾ ਚਲਿਆ ਜਾਂਦਾ ਹੈ। ਉਹ ਆਲੇ-ਦੁਆਲੇ, ਸਮੇਂ, ਖਾਣ-ਪੀਣ ਅਤੇ ਸੁਣਨ ਨੂੰ ਭੁੱਲ ਜਾਂਦਾ ਹੈ। ਉਸ ਦੀ ਫ਼ੈਸਲਾ ਲੈਣ ਦੀ ਸੋਚ 'ਤੇ ਬੁਰਾ ਪ੍ਰਭਾਵ ਪੈਂਦਾ ਹੈ, ਜਿਸ ਕਰਕੇ ਉਹ ਬੱਚਾ ਫੋਨ ਛੱਡਣ ਲਈ ਤਿਆਰ ਹੀ ਨਹੀਂ ਹੁੰਦਾ ਅਤੇ ਅੱਤ ਦਾ ਜ਼ਿੱਦੀ ਬਣ ਜਾਂਦਾ ਹੈ। ਐਮਲੀ ਲੇਡਲਾਅ, ਜੋ ਕੈਲਗਰੀ ਯੂਨੀਵਰਸਿਟੀ ਦੀ ਸਾਈਬਰ ਸੁਰੱਖਿਆ ਖੋਜ ਚੇਅਰ ਦੀ ਮੁਖੀ ਹੈ, ਨੇ ਖ਼ਦਸ਼ਾ ਜ਼ਾਹਿਰ ਕੀਤਾ ਹੈ ਕਿ ਛੋਟੇ ਬੱਚੇ ਸੋਸ਼ਲ ਮੀਡੀਏ ਵੱਲ ਵਧਦੇ ਚਲੇ ਜਾ ਰਹੇ ਹਨ, ਜੋ ਬਹੁਤ ਨੁਕਸਾਨਦਾਇਕ ਸਾਬਤ ਇਸ ਕਰਕੇ ਹੁੰਦਾ ਹੈ ਕਿ ਉਸ 'ਚ ਉਨ੍ਹਾਂ ਦੇ ਆਦੀ ਹੋਣ ਦੇ ਡਿਜ਼ਾਇਨ ਭਰੇ ਪਏ ਹਨ। ਕੈਨੇਡਾ ਦੇ ਕਾਨੂੰਨ ਅੰਦਰ ਸੋਸ਼ਲ ਮੀਡੀਆ ਵਿਰੁੱਧ ਤਿੰਨ ਟਾਰਗੇਟ ਮਿੱਥੇ ਗਏ ਹਨ। ਇਸ 'ਚ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ ਅਕਾਊਂਟ 'ਤੇ ਪਾਬੰਦੀ ਲਗਾਉਣਾ, ਜਿਸ ਲਈ ਅਜਿਹੇ ਪਲੇਟਫਾਰਮ ਸਥਾਪਿਤ ਕਰਨਾ, ਜੋ ਉਨ੍ਹਾਂ ਦੀ ਉਮਰ ਦੀ ਨਿਸ਼ਾਨਦੇਹੀ ਕਰ ਸਕਣ।

ਦੂਸਰਾ, ਸੋਸ਼ਲ ਮੀਡੀਆ ਪਲੇਟਫਾਰਮ ਇਸ ਪਾਬੰਦੀ ਤੋਂ ਨਿਜਾਤ ਤਾਂ ਹੀ ਹਾਸਲ ਕਰ ਸਕਦੇ ਹਨ, ਜੇਕਰ ਉਹ ਇਸ ਸਬੰਧੀ ਰੈਗੂਲੇਟਰੀ ਕਮਿਸ਼ਨ ਅੱਗੇ ਸਾਬਤ ਕਰਨ ਕਿ ਉਨ੍ਹਾਂ ਵਿਸ਼ੇਸ਼ ਉਮਰ ਦੀਆਂ ਜ਼ਰੂਰਤਾਂ ਵਾਲੇ ਪ੍ਰੋਗਰਾਮ ਹੀ ਇਸ 'ਚ ਦਰਜ ਕੀਤੇ ਹਨ ਅਤੇ ਆਪਣੇ ਵੱਲੋਂ ਜਾਰੀ ਪ੍ਰੋਗਰਾਮਾਂ 'ਤੇ ਜ਼ਰੂਰੀ ਬਚਾਅ ਸਾਧਨਾ ਦਾ ਪ੍ਰਬੰਧ ਕੀਤਾ ਹੈ। ਤੀਸਰਾ, ਕੈਨੇਡਾ ਸਰਕਾਰ ਇਸ ਕਾਨੂੰਨ ਰਾਹੀਂ ਡਿਜੀਟਲ ਸੁਰੱਖਿਆ

# ਮਾਤਾ-ਪਿਤਾ ਤੇ ਬੱਚਿਆਂ ਦੇ ਵਜ਼ਨ ਦਾ ਸਬੰਧ ਜ਼ਿਆਦਾਤਰ ਹੁੰਦੈ 'ਜੈਨੇਟਿਕ'



ਇਕ ਨਵੀਂ ਖੋਜ 'ਚ ਪਤਾ ਲੱਗਾ ਹੈ ਕਿ ਮਾਤਾ-ਪਿਤਾ ਦੇ ਬਾਡੀ ਮਾਸ ਇੰਡੈਕਸ (ਬੀਐੱਮਆਈ) ਤੇ ਬਚਪਨ 'ਚ ਉਨ੍ਹਾਂ ਦੇ ਬੱਚਿਆਂ ਦੇ ਬੀਐੱਮਆਈ ਵਿਚਕਾਰ ਸਬੰਧ ਮੁੱਖ ਰੂਪ ਨਾਲ ਜੈਨੇਟਿਕ ਵਿਰਾਸਤ ਕਾਰਨ ਹੁੰਦਾ ਹੈ, ਨਾ ਕਿ ਗਰਭ ਅਵਸਥਾ ਦੌਰਾਨ ਮਾਤਾ-ਪਿਤਾ ਦੇ ਵਜ਼ਨ ਦੇ ਕਿਸੇ ਸਿੱਧੇ ਬਾਇਓਲਾਜਿਕਲ ਅਸਰ ਕਾਰਨ। ਇਹ ਖੋਜ 86 ਹਜ਼ਾਰ ਬੱਚਿਆਂ ਦੇ ਅੰਕੜਿਆਂ ਦੀ ਸਮੀਖਿਆ 'ਤੇ ਆਧਾਰਤ ਹੈ।

ਇਸ 'ਚ ਪਾਇਆ ਗਿਆ ਕਿ ਮਾਂ ਦੇ ਬੀਐੱਮਆਈ ਤੇ ਅੱਠ ਸਾਲ ਦੀ ਉਮਰ 'ਚ ਉਨ੍ਹਾਂ ਦੇ ਬੱਚੇ ਬੀਐੱਮਆਈ ਵਿਚਾਲੇ ਸਬੰਧ 'ਚ ਜੈਨੇਟਿਕ ਕਾਰਕਾਂ ਦੀ ਹਿੱਸੇਦਾਰੀ ਅੰਦਾਜ਼ਨ ਰੂਪ ਨਾਲ 79 ਫ਼ੀਸਦੀ ਸੀ ਤੇ ਪਿਤਾ ਦੇ ਮਾਮਲੇ 'ਚ ਇਹ 94 ਫ਼ੀਸਦੀ ਸੀ।

ਮਾਤਾ-ਪਿਤਾ ਦਾ ਬੀਐੱਮਆਈ ਜ਼ਿਆਦਾ ਹੋਣ ਦਾ ਸਬੰਧ ਬੱਚਿਆਂ 'ਚ ਮੋਟਾਪੇ ਨਾਲ ਜੁੜੀਆਂ ਖਾਣ ਦੀਆਂ ਆਦਤਾਂ ਤੋਂ ਵੀ ਪਾਇਆ ਗਿਆ, ਜਿਵੇਂ ਕਿ ਖਾਣ ਦੀਆਂ ਆਦਤਾਂ 'ਚ ਪਾਇਆ ਗਿਆ, ਜਿਵੇਂ ਕਿ ਖਾਣੇ ਪ੍ਰਤੀ ਜ਼ਿਆਦਾ ਦਿਲਚਸਪੀ ਦਿਖਾਉਣਾ ਤੇ ਭਾਵਨਾਵਾਂ 'ਚ ਰੁੜ ਕੇ ਜ਼ਰੂਰਤ ਤੋਂ ਜ਼ਿਆਦਾ ਖਾਣਾ। ਇਹ ਖੋਜ ਪੀਐੱਲਓਐੱਸ ਮੈਡੀਸਨ ਜਰਨਲ 'ਚ ਛਪੀ।

ਨਾਰਵੇਜੀਅਨ ਇੰਸਟੀਚਿਊਟ ਆਫ ਪਬਲਿਕ ਹੈਲਥ, ਬਰਤਾਨੀਆ ਦੀ ਬ੍ਰਿਸਟਲ ਯੂਨੀਵਰਸਿਟੀ ਦੇ ਖੋਜਕਰਤਾਵਾਂ ਦਾ ਇਹ ਅਧਿਐਨ 1999 ਤੋਂ 2009 ਤੱਕ ਪੈਦਾ ਹੋਏ ਬੱਚਿਆਂ ਦੇ ਜਨਮ ਨਾਲ ਜੁੜੇ ਅੰਕੜਿਆਂ 'ਤੇ ਆਧਾਰਤ ਹੈ।

ਛੇ ਮਹੀਨੇ ਤੋਂ ਅੱਠ ਸਾਲ ਦੀ ਉਮਰ ਦੇ ਬੱਚਿਆਂ ਦੇ ਜਨਮ ਦੇ ਸਮੇਂ ਵਜ਼ਨ ਤੇ ਬੀਐੱਮਆਈ ਤੇ ਨਾਲ ਹੀ ਅੱਠ ਸਾਲ ਦੀ ਉਮਰ 'ਚ ਉਨ੍ਹਾਂ ਦੀ ਭੁੱਖ ਤੇ ਖਾਣ ਦੀਆਂ ਆਦਤਾਂ ਦਾ ਵਿਸ਼ਲੇਸ਼ਣ ਕੀਤਾ ਗਿਆ। ਖੋਜੀਆਂ ਨੇ ਕਈ ਪੀੜ੍ਹੀਆਂ 'ਚ ਜੁੜਵਾਂ ਬੱਚਿਆਂ, ਸਕੇ ਭਰਾ-ਭੈਣਾਂ ਤੇ ਮਤਰਏ ਭਰਾ-ਭੈਣਾਂ ਦੇ ਰਿਸ਼ਤਿਆਂ ਦਾ ਅਧਿਐਨ ਕੀਤਾ, ਤਾਂ ਜੋ ਸਿੱਧੇ ਤੌਰ 'ਤੇ ਇਹ ਪਤਾ ਲਗਾਇਆ ਜਾ ਸਕੇ ਕਿ ਮਾਤਾ-ਪਿਤਾ ਤੇ ਬੱਚੇ ਦੇ ਬੀਐੱਮਆਈ ਵਿਚਾਲੇ ਸਬੰਧ ਦਾ ਕਿੰਨਾ ਹਿੱਸਾ ਜੈਨੇਟਿਕ ਕਨਫਾਊਂਡਿੰਗ (ਜੈਨੇਟਿਕ ਕਾਰਕਾਂ ਦੇ ਪ੍ਰਭਾਵ) ਕਾਰਨ ਹੋ ਸਕਦਾ ਹੈ। ਪਿਤਾ ਦੇ ਬੀਐੱਮਆਈ ਦੀ ਤੁਲਨਾ 'ਚ ਮਾਂ ਦੇ ਬੀਐੱਮਆਈ ਦਾ ਬੱਚਿਆਂ ਦੇ ਜਨਮ ਦੇ ਸਮੇਂ ਵਜ਼ਨ ਤੋਂ ਜ਼ਿਆਦਾ ਮਜ਼ਬੂਤ ਸਬੰਧ ਪਾਇਆ ਗਿਆ।

ਇਹ ਇਸ ਗੱਲ ਦੇ ਮੁਤਾਬਕ ਹੈ ਕਿ ਮਾਂ ਦੇ ਸਰੀਰ ਦਾ ਵਜ਼ਨ ਯੂਟਰਸ ਦੇ ਅੰਦਰ ਦੇ ਵਾਤਾਵਰਣ ਜ਼ਰੀਏ ਬੱਚੇ ਦੇ ਜਨਮ ਦੇ ਸਮੇਂ ਦੇ ਵਜ਼ਨ 'ਤੇ ਆਸਰ ਪਾਉਂਦਾ ਹੈ। ਹਾਲਾਂਕਿ, ਜਨਮ ਦੇ ਬਾਅਦ ਦੋ ਤੋਂ ਅੱਠ ਸਾਲ ਦੀ ਉਮਰ ਦੌਰਾਨ ਮਾਤਾ-ਪਿਤਾ ਦੇ ਬੀਐੱਮਆਈ ਤੇ ਬੱਚੇ ਦੇ ਬੀਐੱਮਆਈ ਵਿਚਾਲੇ ਸਬੰਧ ਮੋਟੇ ਤੌਰ 'ਤੇ ਇਕੋਂ ਜਿਹੇ ਪਾਏ ਗਏ।

# ਹਨ੍ਹੇਰੇ ਤੋਂ ਚਾਨਣ ਦਾ ਸਫਰ



ਉਹ ਡਿਊਟੀ ਤੋਂ ਘਰ ਪਰਤਿਆ ਹੀ ਸੀ। ਅੰਦਰੋਂ ਮਾਂ ਦੀ ਹਾਏ! ਹਾਏ! ਦੀ ਦਰਦ ਭਰੀ ਆਵਾਜ਼ ਸੁਣੀ। ਉਹ ਅੰਦਰ ਮਾਂ ਕੋਲ ਗਿਆ। ਮਾਂ ਨੂੰ ਦਵਾਈ ਦਿੱਤੀ। ਉਸ ਨਾਲ ਕੁਝ ਪਲ ਗੱਲਾਂ ਕੀਤੀਆਂ। ਗੱਲਾਂਬਾਤਾਂ ਤੋਂ ਪਤਾ ਲੱਗਿਆ ਕਿ ਉਸ ਨੂੰ ਸਵੇਰ ਦੀ ਦਵਾਈ ਨਹੀਂ ਦਿੱਤੀ ਗਈ। ਉਹ ਦਫ਼ਤਰ ਦੇ ਜ਼ਰੂਰੀ ਕੰਮ ਕਾਰਨ ਘਰੋਂ ਛੇਤੀ ਡਿਊਟੀ ’ਤੇ ਚਲਾ ਗਿਆ ਸੀ ਤੇ ਜਾਣ ਲੱਗਿਆਂ ਆਪਣੀ ਪਤਨੀ ਸ਼ੀਲਾ ਨੂੰ ਕਹਿ ਗਿਆ ਸੀ ਕਿ ਉਹ ਡਿਊਟੀ ’ਤੇ ਜਾਣ ਤੋਂ ਪਹਿਲਾਂ ਮਾਂ ਨੂੰ ਯਾਦ ਨਾਲ ਦਵਾਈ ਦੇ ਦੇਵੇ। ਇਕ ਤਾਂ ਦਫ਼ਤਰੀ ਕੰਮ ਦੀ ਖੱਜਲ-ਖੁਆਰੀ, ਉਤੋਂ ਮਾਂ ਨੂੰ ਸ਼ੀਲਾ ਵੱਲੋਂ ਦਵਾਈ ਨਾ ਦੇਣ ਦੀ ਅਣਗਹਿਲੀ ਕਾਰਨ ਉਹ ਪਰੇਸ਼ਾਨ ਹੋ ਗਿਆ।

ਕੁਝ ਦੇਰ ਬਾਅਦ ਸ਼ੀਲਾ ਵੀ ਦਫ਼ਤਰੋਂ ਆ ਗਈ। ਰਸੋਈ ਵਿੱਚੋਂ ਪਾਣੀ ਪੀਣ ਉਪਰੰਤ ਆਪਣੇ ਪਤੀ ਰਾਕੇਸ਼ ਕੋਲ ਜਾਣ ਦੀ ਥਾਂ ਡਰਾਇੰਗ ਰੂਮ ’ਚ ਸੋਫੇ ’ਤੇ ਬੈਠ ਕੇ ਆਰਾਮ ਕਰਨ ਲੱਗੀ। ਉਸ ਦੇ ਹੱਥ ਮੋਬਾਈਲ ਦੇ ਬਟਨਾਂ ’ਤੇ ਅਤੇ ਨਜ਼ਰਾਂ ਸਕਰੀਨ ਉਤੇ ਲੱਗੀਆਂ ਹੋਈਆਂ ਸਨ। ਕੁਝ ਸਮੇਂ ਬਾਅਦ ਸੁਨੀਲ ਹੀ ਉੱਥੇ ਆ ਗਿਆ। ਉਸ ਨੇ ਆਉਂਦਿਆਂ ਹੀ ਕਿਹਾ, ‘ਡਿਊਟੀ ’ਤੇ ਜਾਣ ਤੋਂ ਪਹਿਲਾਂ ਮਾਂ ਨੂੰ ਦਵਾਈ ਤਾਂ ਦੇ ਜਾਂਦੀ। ਦਵਾਈ ਬਿਨਾਂ ਉਹ ਸਾਰਾ ਦਿਨ ਤੜਫਦੀ ਰਹੀ।’ ਅੱਗਿਓਂ ਸ਼ੀਲਾ ਨੇ ਬੇਰੁਖ਼ੀ ਨਾਲ ਜਵਾਬ ਦਿੱਤਾ, ‘ਸਾਰੇ ਕੰਮਾਂ ਦਾ ਮੈਂ ਹੀ ਠੇਕਾ ਲੈ ਰੱਖਿਐ। ਸਵੇਰੇ ਰਸੋਈ ਦਾ ਕੰਮ, ਬੱਚਿਆਂ ਨੂੰ ਤਿਆਰ ਕਰ ਕੇ ਸਕੂਲ ਭੇਜਣਾ, ਫਿਰ ਆਪ ਦਫ਼ਤਰ ਜਾਣਾ, ਉਤੋਂ ਤੁਹਾਡੀ ਮਾਂ ਦੀ ਨੌਕਰਾਂ ਵਾਂਗ ਦੇਖਭਾਲ। ਮੈਥੋਂ ਨਹੀਂ ਹੁੰਦਾ ਇਹ ਸਾਰਾ ਕੁਝ। ਤੰਗ ਆ ਗਈ ਹਾਂ ਮੈਂ ਇਸ ਖਲਜਗਣ ਤੋਂ।’

ਉਸ ਦਿਨ ਤੋਂ ਬਾਅਦ ਇਕ ਖ਼ਾਮੋਸ਼ ਪਰ ਵਿਦਰੋਹੀ ਚੁੱਪ ਦੋਵਾਂ ਦਰਮਿਆਨ ਛਾ ਗਈ। ਮਾਂ ਦੀ ਦੇਖਭਾਲ, ਮੌਕੇ ਸਿਰ ਦਵਾਈ ਦੇਣੀ ਅਤੇ ਉਸ ਦੀਆਂ ਨਿੱਕੀਆਂ-ਨਿੱਕੀਆਂ ਲੋੜਾਂ ਦਾ ਖ਼ਿਆਲ ਰੱਖਣਾ ਹੁਣ ਸੁਨੀਲ ਦਾ ਨਿਤਨੇਮ ਬਣ ਗਿਆ। ਤੀਜੀ ਤੇ ਪੰਜਵੀਂ ਵਿਚ ਪੜ੍ਹਦੇ ਦੋਨੋਂ ਪੁੱਤਰ ਵੀ ਆਪਣੇ ਮਾਂ-ਬਾਪ ਦੇ ਮੱਥੇ ਦੀਆਂ ਤਿਓੜੀਆਂ ਤੇ ਤਣਾਓ ਨੂੰ ਸਾਵਾਂ ਨਹੀਂ ਕਰ ਸਕੇ। ਬੋਝਲ ਉਦਾਸੀ, ਖ਼ਾਮੋਸ਼ੀ, ਤਣਾਓ ਅਤੇ ਬੋਲ ਸਾਂਝੇ ਨਾ ਕਰਨ ਕਰਕੇ ਪਤੀ-ਪਤਨੀ ਦਰਮਿਆਨ ਸਰੀਰਕ ਤੇ ਮਾਨਸਿਕ ਦੂਰੀ ਵੱਧਦੀ ਗਈ। ਇਕ-ਦੂਜੇ ਨੂੰ ਸੁਨੇਹਾ ਵੀ ਉਹ ਆਪਣੇ ਬੱਚਿਆਂ ਰਾਹੀਂ ਦਿੰਦੇ ਸਨ। ਕੁਦਰਤੀ ਹੈ ਕਿ ਜਦੋਂ ਘਰ ਵਿਚ ਮੁਸਕਰਾਹਟ ਵੀ ਜ਼ਖ਼ਮਾਂ ਭਰੀ ਹੋਵੇ, ਇਕ-ਦੂਜੇ ਨਾਲ ਸਾਂਝ ਦੀ ਡੋਰ ਦਿਨ-ਬ-ਦਿਨ ਕੱਚੀ ਹੁੰਦੀ ਜਾਵੇ ਅਤੇ ਘਰ ਵਿਚ ਹੁੰਦਿਆਂ ਵੀ ਬੇਗਾਨੀਗੀ ਦੇ ਅਹਿਸਾਸ ਨਾਲ ਜੀਵਨ ਹੰਢਾਇਆ ਜਾਵੇ, ਤਾਂ ਜ਼ਿੰਦਗੀ ਨਰਕ ਭਰੀ ਹੋ ਜਾਂਦੀ ਹੈ। ਇੰਜ ਨਰਕ ਭਰਿਆ ਜੀਵਨ ਦੋਨੋਂ ਹੀ ਬਤੀਤ ਕਰ ਰਹੇ ਸਨ। ਸ਼ੀਲਾ ਨੇ ਆਪਣੀ ਸੱਸ ਵਾਲੇ ਕਮਰੇ ਵਿਚ ਜਾਣਾ ਹੀ ਛੱਡ ਦਿੱਤਾ ਸੀ। ਉਹ ਬਿਮਾਰੀ ਦੀ ਹਾਲਤ ਮੰਜੇ ’ਤੇ ਪਈ ਵੀ ਘਰ ਦੇ ਹਾਲਾਤਾਂ ਨੂੰ ਸਮਝਦੀ ਸੀ। ਇਕ-ਦੋ ਵਾਰ ਉਸ ਨੇ ਸੁਨੀਲ ਨਾਲ ਗੱਲ ਵੀ ਛੇੜੀ ਪਰ ਉਸ ਨੇ ਸ਼ੀਲਾ ਪ੍ਰਤੀ ਕੋਈ ਅਜਿਹੀ ਗੱਲ ਨਹੀਂ ਕੀਤੀ, ਜਿਸ ਨਾਲ ਮਾਂ ਦਾ ਦਿਲ ਦੁਖੀ ਹੋਵੇ।

ਫਿਰ ਇਕ ਦਿਨ ਜਦੋਂ ਉਹ ਡਿਊਟੀ ਤੋਂ ਘਰ ਆਇਆ ਤਾਂ ਘਰ ਵਿਚ ਸ਼ੀਲਾ ਤੇ ਬੱਚਿਆਂ ਦੀ ਅਣਹੋਂਦ ਉਸ ਨੂੰ ਰੜਕੀ। ਉਦਾਸ ਜਿਹਾ ਉਹ ਮਾਂ ਕੋਲ ਗਿਆ। ਉਸ ਦਾ ਹਾਲਚਾਲ ਪੁੱਛਿਆ। ਦਵਾਈ ਦੇਣ ਉਪਰੰਤ ਉਹ ਬਾਹਰ ਲਾਅਨ ’ਚ ਆ ਗਿਆ। ਅਚਾਨਕ ਉਸ ਦੀ ਨਜ਼ਰ ਟੇਬਲ ’ਤੇ ਰੱਖੇ ਕਾਗਜ਼ ’ਤੇ ਪਈ। ਕਾਗਜ਼ ਇਧਰ-ਉਧਰ ਡਿੱਗਣ ਦੇ ਬਚਾਓ ਲਈ ਕਾਗਜ਼ ਦੇ ਉੱਪਰ ਪੇਪਰ ਵੇਟ ਰੱਖਿਆ ਹੋਇਆ ਸੀ। ਉਸ ਨੇ ਧੜਕਦੇ ਦਿਲ ਨਾਲ ਕਾਗਜ਼ ’ਤੇ ਲਿਖੇ ਹਰਫ਼ਾਂ ਨੂੰ ਪੜ੍ਹਿਆ। ਉਸ ਦੀ ਪਤਨੀ ਦਾ ਸੁਨੇਹਾ ਸੀ, ‘ਇਸ ਦਮ ਘੋਟੂ ਮਾਹੌਲ ਵਿਚ ਮੈਂ ਹੋਰ ਜ਼ਿਆਦਾ ਦੇਰ ਨਹੀਂ ਰਹਿ ਸਕਦੀ। ਮੈਂ ਬੱਚਿਆਂ ਨੂੰ ਨਾਲ ਲੈ ਕੇ ਪੇਕੀਂ ਜਾ ਰਹੀ ਹਾਂ। ਉਨ੍ਹਾਂ ਦੇ ਸਕੂਲੋਂ ਸਰਟੀਫਿਕੇਟ ਲੈ ਲਏ ਹਨ ਤੇ ਹੁਣ ਉਨ੍ਹਾਂ ਨੂੰ ਆਪਣੇ ਪੇਕੇ ਪਿੰਡ ਦੇ ਸਕੂਲ ਵਿਚ ਦਾਖ਼ਲ ਕਰਵਾ ਦਿਆਂਗੀ। ਹਾਂ, ਰੋਜ਼ ਦੀ ਪ੍ਰੇਸ਼ਾਨੀ ਤੋਂ ਤੰਗ ਆ ਕੇ ਮੈਂ ਤੁਹਾਡੇ ਕੋਲੋਂ ਤਲਾਕ ਲੈ ਰਹੀ ਹਾਂ। ਅਗਲੀ ਵੇਰ ਅਦਾਲਤ ਵਿਚ ਮਿਲਾਂਗੇ।’ ਖਤ ਪੜ੍ਹ ਕੇ ਉਸ ਨੇ ਹੌਕਾ ਭਰਿਆ। ‘ਐਡੀ ਵੱਡੀ ਗੱਲ ਨਹੀਂ ਸੀ, ਸ਼ੀਲਾ ਨੇ ਰਾਈ ਦਾ ਪਹਾੜ ਬਣਾ ਦਿੱਤਾ। ਸਾਡੇ ਆਪਸ ਵਿਚ ਵਿਗੜੇ ਸਬੰਧਾਂ ਦਾ ਬੁਰਾ ਅਸਰ ਬੱਚਿਆਂ ’ਤੇ ਵੀ ਪਵੇਗਾ। ਸ਼ੀਲਾ ਨੂੰ ਹਰ ਰੋਜ਼ ਬੱਸ ਰਾਹੀਂ ਸਕੂਲ ਆਉਣ ਲੱਗਿਆਂ ਵੀ ਖੱਜਲ-ਖੁਆਰ ਹੋਣਾ ਪਵੇਗਾ।’ ਉਸ ਨੇ ਭਰੇ ਮਨ ਨਾਲ ਸ਼ੀਲਾ ਨੂੰ ਫੋਨ ਕੀਤਾ। ਉਸ ਨੇ ਫੋਨ ਨਹੀਂ ਚੁੱਕਿਆ। ਸੱਸ-ਸਹੁਰੇ ਨਾਲ ਫੋਨ ’ਤੇ ਗੱਲ ਹੋਈ। ਉਨ੍ਹਾਂ ਨੇ ਵੀ ਤਲਖ਼ੀ ਭਰੀਆਂ ਗੱਲਾਂ ਕਰਦਿਆਂ ਕਿਹਾ, ‘ਤੁਸੀਂ ਤਾਂ ਕੁੜੀ ਦਾ ਜਿਊਣਾ ਦੁੱਭਰ ਕਰ ਰੱਖਿਐ। ਇਹੋ ਜਿਹਾ ਵਰਤਾਓ ਤਾਂ ਪਸ਼ੂਆਂ ਨਾਲ ਨਹੀਂ ਕੀਤਾ ਜਾਂਦਾ, ਜਿਹੋ ਜਿਹਾ ਤੂੰ ਅਤੇ ਤੇਰੀ ਮਾਂ ਸਾਡੀ ਕੁੜੀ ਨਾਲ ਕਰਦੇ ਹੋ। ਹੁਣ ਅਸੀਂ ਕੁੜੀ ਨਹੀਂ ਭੇਜਦੇ।’ ਸੱਸ-ਸਹੁਰੇ ਦੇ ਇਕ ਟੁੱਕ ਜਵਾਬ ਨੇ ਉਸ ਨੂੰ ਧੁਰ ਤੱਕ ਹਿਲਾ ਦਿੱਤਾ। ਉਹ ਆਪ ਵੀ ਸਹੁਰੇ ਘਰ ਸ਼ੀਲਾ ਨੂੰ ਮਨਾਉਣ ਗਿਆ ਪਰ ਕਿਸੇ ਨੇ ਵੀ ਉਸ ਨਾਲ ਸਿੱਧੇ ਮੂੰਹ ਗੱਲ ਨਹੀਂ ਕੀਤੀ। ਅੱਕ ਕੇ ਉਸ ਨੇ ਮਾਂ ਦੀ ਦੇਖਭਾਲ ਲਈ ਸਾਰੇ ਦਿਨ ਵਾਸਤੇ ਨੌਕਰਾਣੀ ਰੱਖ ਲਈ। ਮਾਂ ਦੀ ਦੇਖਭਾਲ ਦੇ ਨਾਲ-ਨਾਲ ਰਸੋਈ ਅਤੇ ਘਰ ਦੀ ਸਫ਼ਾਈ ਵੀ ਉਹ ਕਰ ਦਿੰਦੀ ਸੀ।

ਕੁਝ ਦਿਨਾਂ ਬਾਅਦ ਉਸ ਨੂੰ ਕੋਰਟ ਵੱਲੋਂ ਸੰਮਨ ਪੁੱਜ ਗਏ। ਉਸ ਦੀ ਪਤਨੀ ਨੇ ਤਲਾਕ ਦਾ ਕੇਸ ਪਾਇਆ ਸੀ। ਸੰਮਨ ਲੈ ਕੇ ਉਹ ਇਕ ਵਾਰ ਝੰਜੋੜਿਆ ਜਿਹਾ ਗਿਆ। ਘਰ ਦੀ ਬੰਦ ਮੁੱਠੀ ਨੂੰ ਉਹ ਖੋਲ੍ਹਣਾ ਨਹੀਂ ਸੀ ਚਾਹੁੰਦਾ ਪਰ ਸ਼ੀਲਾ ਨੇ ਤਾਂ ਤਲਾਕ ਦਾ ਕੇਸ ਪਾ ਕੇ ਸਾਰਾ ਕੁਝ ਜੱਗ ਜ਼ਾਹਿਰ ਕਰ ਦਿੱਤਾ ਸੀ। ਉਸ ਨੇ ਆਪਣਾ ਵਕੀਲ ਕੀਤਾ। ਸ਼ੀਲਾ ਵੱਲੋਂ ਤਲਾਕ ਦੇ ਕੇਸ ਨਾਲ ਸਬੰਧਿਤ ਕਾਗਜ਼ ਕੋਰਟ ਵੱਲੋਂ ਪ੍ਰਾਪਤ ਕੀਤੇ। ਉਹ ਉਸ ਵੇਲੇ ਹੱਦੋਂ ਵੱਧ ਪਰੇਸ਼ਾਨ ਹੋ ਗਿਆ, ਜਦੋਂ ਸ਼ੀਲਾ ਨੇ ਉਸ ’ਤੇ ਮਾਰ ਕੁੱਟ ਕਰਨ ਦੇ ਨਾਲ-ਨਾਲ ਪੇਕਿਆਂ ਤੋਂ ਮੋਟੀ ਰਕਮ ਲਿਆਉਣ ਦਾ ਦੋਸ਼ ਵੀ ਸੁਨੀਲ ’ਤੇ ਲਾਇਆ ਸੀ। ਉਸ ਨੇ ਇਹ ਵੀ ਦੋਸ਼ ਲਾਇਆ ਕਿ ਉਹ ਜ਼ਿੰਮੇਵਾਰ ਪਤੀ ਤੇ ਪਿਤਾ ਵਾਲੇ ਫ਼ਰਜ਼ ਨਹੀਂ ਨਿਭਾ ਰਿਹਾ। ਉਸ ਨੇ ਆਪਣੇ ਵਕੀਲ ਨੂੰ ਵਕਾਲਤਨਾਮਾ ਦਿੰਦਿਆਂ ਜ਼ੋਰ ਦੇ ਕੇ ਕਿਹਾ ਕਿ ਉਹ ਆਪਣੀ ਪਤਨੀ ਤੋਂ ਤਲਾਕ ਨਹੀਂ ਚਾਹੁੰਦਾ। ਬੱਚੇ ਤੇ ਪਤਨੀ ਉਸ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਹਨ। ਉਸ ਦੇ ਜਾਣ ਤੋਂ ਬਾਅਦ ਘਰ ਹੀ ਸੁੰਨ੍ਹਾ-ਸੁੰਨ੍ਹਾ ਲੱਗਦਾ ਹੈ।

ਅਦਾਲਤ ਵਿਚ ਦੋ-ਤਿੰਨ ਪੇਸ਼ੀਆਂ ਪਈਆਂ। ਸ਼ੀਲਾ ਵਾਲੇ ਪਾਸਿਓਂ ਉਸ ਦੇ ਨਾਲ ਰਿਸ਼ਤੇਦਾਰਾਂ ਦਾ ਵੱਡਾ ਕਾਫ਼ਲਾ ਆਉਂਦਾ ਸੀ ਪਰ ਸੁਨੀਲ ਇਕੱਲਾ ਹੀ ਆਪਣੇ ਵਕੀਲ ਨਾਲ ਕੋਰਟ ਵਿਚ ਪੇਸ਼ ਹੁੰਦਾ ਰਿਹਾ। ਜੱਜ ਬੜਾ ਸੂਝਵਾਨ ਸੀ। ਕਾਨੂੰਨੀ ਨੁਕਤਿਆਂ ਦੇ ਨਾਲ-ਨਾਲ ਉਹ ਨੈਤਿਕ ਫ਼ਰਜ਼ਾਂ ਪ੍ਰਤੀ ਵੀ ਬਹੁਤ ਗੰਭੀਰ ਸੀ। ਦੋਵਾਂ ਪੱਖਾਂ ਦੇ ਵਕੀਲਾਂ ਦੀਆਂ ਦਲੀਲਾਂ ਸੁਣਨ ਉਪਰੰਤ ਜੱਜ ਇਸ ਨਿਰਣੇ ’ਤੇ ਪੁੱਜ ਗਿਆ ਕਿ ਦੋਨਾਂ ਦਰਮਿਆਨ ਪਾੜਾ ਵਧਾਉਣ ਲਈ ਸ਼ੀਲਾ ਦਾ ਪਰਿਵਾਰ ਤੇ ਉਸਦੇ ਰਿਸ਼ਤੇਦਾਰਾਂ ਵੱਲੋਂ ਹਵਾ ਦਿੱਤੀ ਜਾ ਰਹੀ ਹੈ ਪਰ ਸੁਨੀਲ ਇੱਕੋ ਗੱਲ ਚਾਹੁੰਦਾ ਹੈ ਕਿ ਉਸ ਦੀ ਬਜ਼ੁਰਗ ਮਾਂ ਦੀ ਦੇਖਭਾਲ ਵਿਚ ਸ਼ੀਲਾ ਹੱਥ ਵਟਾਵੇ ਪਰ ਸ਼ੀਲਾ ਆਪਣੇ ਫ਼ਰਜ਼ਾਂ ਦੀ ਪੂਰਤੀ ਨਹੀਂ ਕਰ ਰਹੀ।

ਫਿਰ ਇਕ ਪੇਸ਼ੀ ’ਤੇ ਦੂਰਅੰਦੇਸ਼ੀ ਜੱਜ ਨੇ ਪਤੀ-ਪਤਨੀ ਨੂੰ ਆਪਣੀ ਕੈਬਿਨ ਵਿਚ ਬੁਲਾ ਲਿਆ। ਉਨ੍ਹਾਂ ਲਈ ਚਾਹ ਵੀ ਮੰਗਵਾ ਲਈ। ਚਾਹ ਪੀਂਦਿਆਂ ਉਸ ਨੇ ਸ਼ੀਲਾ ਨੂੰ ਮੁਖ਼ਾਤਿਬ ਹੁੰਦਿਆਂ ਕਿਹਾ, ‘ਤੁਸੀਂ ਸਰਕਾਰੀ ਸੇਵਾ ਵਿੱਚ ਹੋ’? ‘ਜੀ ਹਾਂ, ਮੈਂ ਅਧਿਆਪਕਾ ਹਾਂ।’ ਫਿਰ ਜਦੋਂ ਸੁਨੀਲ ਨੂੰ ਇਹੀ ਸਵਾਲ ਕੀਤਾ ਤਾਂ ਉਸ ਦਾ ਜਵਾਬ ਸੀ, ‘ਜੀ ਮੈਂ, ਬਿਜਲੀ ਵਿਭਾਗ ਵਿਚ ਐੱਸਡੀਓ ਹਾਂ।’ ਜੱਜ ਨੇ ਉਨ੍ਹਾਂ ਦੋਵਾਂ ਦੇ ਜਵਾਬ ਸੁਣਨ ਤੋਂ ਬਾਅਦ ਮੁਸਕਰਾ ਕੇ ਕਿਹਾ, ‘ਵਾਹ! ਅਧਿਆਪਕ ਦਾ ਕੰਮ ਪੜ੍ਹਾਈ ਦੇ ਨਾਲ-ਨਾਲ ਨੈਤਿਕ ਸਿੱਖਿਆ ਦਾ ਪਾਠ ਪੜ੍ਹਾਉਣਾ ਹੁੰਦਾ ਹੈ। ਨੈਤਿਕ ਸਿੱਖਿਆ ਵਿਚ ਪਰਿਵਾਰ, ਸਮਾਜ ਤੇ ਦੇਸ਼ ਪ੍ਰਤੀ ਫ਼ਰਜ਼ਾਂ ਤੋਂ ਜਾਣੂ ਕਰਵਾ ਕੇ ਏਕਤਾ ਦੀ ਮਹੱਤਤਾ ਦੱਸੀ ਜਾਂਦੀ ਹੈ। ਤੁਸੀਂ ਤਾਂ ਅਧਿਆਪਕ ਹੁੰਦਿਆਂ ਆਪਣਾ ਪਰਿਵਾਰ ਹੀ...।’ ਫਿਰ ਉਸ ਨੇ ਸੁਨੀਲ ਵੱਲ ਮੂੰਹ ਕਰਕੇ ਕਿਹਾ, ‘ਤੁਸੀਂ ਬਿਜਲੀ ਵਿਭਾਗ ਵਿਚ ਕੰਮ ਕਰਦਿਆਂ ਲੋਕਾਂ ਦੇ ਘਰਾਂ ਵਿਚ ਚਾਨਣ ਵੰਡ ਰਹੇ ਹੋ ਪਰ ਆਪਣੇ ਘਰ ’ਚ ਹਨੇਰਾ ਕਰ ਰੱਖਿਆ ਹੈ।’

ਜੱਜ ਸਾਹਿਬ ਦੀਆਂ ਗੱਲਾਂ ਨੇ ਉਨ੍ਹਾਂ ਨੂੰ ਧੁਰ ਅੰਦਰ ਤੱਕ ਹਿਲਾ ਦਿੱਤਾ। ਦੋਵਾਂ ਦੇ ਹੋਂਠ ਫਰਕੇ ਪਰ ਕੁਝ ਕਹਿ ਨਹੀਂ ਸਕੇ। ਜੱਜ ਸਾਹਿਬ ਨੇ ਫਿਰ ਉਨ੍ਹਾਂ ਦੀ ਦੁਖਦੀ ਰੱਗ ’ਤੇ ਹੱਥ ਧਰਦਿਆਂ ਕਿਹਾ, ‘ਤੁਹਾਡੇ ਦੋਨੋਂ ਬੱਚੇ ਨਾਬਾਲਗ ਨੇ। ਬੱਚਿਆਂ ਦੀ ਪਾਲਣਾ-ਪੋਸ਼ਣਾ ਲਈ ਮਾਂ-ਬਾਪ ਦੀ ਸੁਚੱਜੀ ਅਗਵਾਈ ਦੇ ਨਾਲ-ਨਾਲ ਉਨ੍ਹਾਂ ਲਈ ਰੋਲ ਮਾਡਲ ਦਾ ਫ਼ਰਜ਼ ਨਿਭਾਉਣਾ ਵੀ ਜ਼ਰੂਰੀ ਹੈ। ਭਲਾਂ ਉਨ੍ਹਾਂ ਸਾਹਮਣੇ ਕਲੇਸ਼ ਕਰ ਕੇ ਤੁਸੀਂ ਕਿਹੜੇ ਰੋਲ ਮਾਡਲ ਦਾ ਫ਼ਰਜ਼ ਨਿਭਾ ਰਹੇ ਹੋ? ਇਸ ਤਰ੍ਹਾਂ ਤਾਂ ਬੱਚਿਆਂ ਦੀ ਜ਼ਿੰਦਗੀ ਨੂੰ ਵੀ ਤੁਸੀਂ ਦੋਨੋਂ ਹੀ ਬਰਬਾਦ ਕਰ ਰਹੇ ਹੋ।’ ਦੋਵਾਂ ਦੇ ਚਿਹਰਿਆਂ ’ਤੇ ਗੰਭੀਰ ਖ਼ਾਮੋਸ਼ੀ ਛਾਈ ਹੋਈ ਸੀ। ਵਿਦਵਾਨ ਜੱਜ ਨੇ ਅਗਲੀ ਗੱਲ ਛੋਹੀ, ‘ਸਾਡੇ ਸ਼ਾਸਤਰਾਂ ਵਿਚ ਲਿਖਿਆ ਹੈ, ਪਿੱਤਰ ਦੇਵੋ ਭਵ, ਮਾਤਰ ਦੇਵੋ ਭਵ, ਅਤਿਥੀ ਦੇਵੋ ਭਵ, ਆਚਾਰਿਯਾ ਦੇਵੋ ਭਵ’ ਕੀ ਤੁਸੀਂ ਆਪਣੇ ਮਾਤਾ-ਪਿਤਾ ਨੂੰ ਦੇਵਤਿਆਂ ਵਾਂਗ ਪੂਜਦੇ ਹੋ’? ਇਸ ’ਤੇ ਸੁਨੀਲ ਨੇ ਜਵਾਬ ਦਿੱਤਾ, ‘ਸਰ, ਸ਼ੀਲਾ ਗਵਾਹ ਹੈ। ਮੇਰੇ ਪਿਤਾ ਜੀ ਨਹੀਂ ਹਨ। ਮਾਂ ਹੈ, ਮੈਂ ਉਸ ਦੀ ਪੂਜਾ ਕਰਦਾ ਹਾਂ। ਸ਼ੀਲਾ ਦੇ ਮਾਤਾ-ਪਿਤਾ ਨੂੰ ਵੀ ਪੂਰਾ ਸਤਿਕਾਰ ਦਿੰਦਾ ਹਾਂ। ਪਰ ਸ਼ੀਲਾ ਮੇਰੀ ਮਾਂ ਨੂੰ...।’ ਇਹ ਕਹਿੰਦਿਆਂ ਸੁਨੀਲ ਦਾ ਗੱਚ ਭਰ ਆਇਆ। ਸ਼ੀਲਾ ਕੁਝ ਨਹੀਂ ਬੋਲੀ। ਜੱਜ ਸਾਹਿਬ ਨੇ ਫਿਰ ਸ਼ੀਲਾ ਵੱਲ ਮੂੰਹ ਕਰ ਕੇ ਕਿਹਾ, ‘ਭਲਾ, ਜੇ ਤੁਹਾਡੇ ਮਾਤਾ-ਪਿਤਾ ਨੂੰ ਇੱਥੇ ਤੁਹਾਡੇ ਕੋਲ ਰਹਿਣਾ ਪੈ ਜਾਵੇ ਤੇ ਸੁਨੀਲ ਮੱਥੇ ਵੱਟ ਪਾਵੇ। ਉਨ੍ਹਾਂ ਦਾ ਭੋਰਾ ਖ਼ਿਆਲ ਨਾ ਰੱਖੇ। ਤਾਂ ਤੁਹਾਨੂੰ ਕਿੰਝ ਲੱਗੇਗਾ’? ਸ਼ੀਲਾ ਕੁਝ ਨਹੀਂ ਬੋਲੀ। ਉਸ ਦੇ ਨੈਣਾਂ ਦੇ ਕੋਹਿਆਂ ਵਿਚ ਹੰਝੂ ਅਤੇ ਚਿਹਰੇ ’ਤੇ ਪਛਤਾਵੇ ਦੇ ਚਿੰਨ੍ਹ ਸਨ।

ਜੱਜ ਨੇ ਕੈਬਿਨ ਵਾਲੀ ਕੁਰਸੀ ਤੋਂ ਉੱਠਦਿਆਂ ਕਿਹਾ, ‘ਤੁਸੀਂ ਕੈਬਿਨ ਵਿਚ ਕੁਝ ਦੇਰ ਬੈਠੋ। ਮੈਂ ਅਗਲੇ ਕੇਸ ਦੀ ਸੁਣਵਾਈ ਕਰ ਲਵਾਂ।’ ਜੱਜ ਸਾਹਿਬ ਦੇ ਜਾਣ ਬਾਅਦ ਸ਼ੀਲਾ ਨੇ ਚੁੱਪ ਤੋੜੀ, ‘ਤੁਸੀਂ ਆਪਣਾ ਹਾਲ ਕੀ ਬਣਾ ਰੱਖਿਐ? ਦਿਨਾਂ ’ਚ ਹੀ ਸ਼ਕਲ-ਸੂਰਤ ਵਿਗੜ ਗਈ। ਆਪਣਾ ਤੇ ਮੰਮੀ ਦਾ ਖ਼ਿਆਲ ਰੱਖੋ। ਮੈਂ... ।’ ਉਹ ਅਗਾਂਹ ਕੁਝ ਕਹਿਣਾ ਚਾਹੁੰਦੀ ਸੀ ਪਰ ਉਸ ਦਾ ਗੱਚ ਭਰ ਆਇਆ। ਸੁਨੀਲ ਨੇ ਡਾਹਢੇ ਹੀ ਮੋਹ ਨਾਲ ਉਸ ਦਾ ਹੱਥ ਫੜਦਿਆਂ ਕਿਹਾ, ‘ਤੇਰਾ ਘਰ ਤੇਰੀ ਉਡੀਕ ਕਰ ਰਿਹਾ ਹੈ। ਤੇਰੇ ਬਿਨਾਂ ਘਰ ਦੀ ਰੌਣਕ ਹੀ ਗੁੰਮ ਹੋ ਗਈ ਹੈ।’ ਸ਼ੀਲਾ ਨੇ ਉਸ ਦੇ ਦੋਨੋਂ ਹੱਥ ਘੁੱਟ ਕੇ ਫੜਦਿਆਂ ਕਿਹਾ, ‘ਸੱਚੀਂ ਤੁਸੀਂ ਮੇਰਾ ਸੰਸਾਰ ਹੋ। ਤੁਹਾਡੇ ਬਿਨਾਂ...।’ ਦੋਨਾਂ ਦੇ ਹੰਝੂ ਇਕ-ਦੂਜੇ ਦੀਆਂ ਤਲੀਆਂ ’ਤੇ ਪੈ ਰਹੇ ਸਨ।

ਥੋੜ੍ਹੀ ਦੇਰ ਬਾਅਦ ਜੱਜ ਸਾਹਿਬ ਕੈਬਿਨ ਵਿਚ ਆਏ। ਦੋਵਾਂ ਦੇ ਮੁਸਕਰਾਉਂਦੇ ਚਿਹਰੇ ਵੇਖ ਕੇ ਉਸ ਨੇ ਸਭ ਕੁਝ ਭਾਂਪ ਲਿਆ। ਦੋਵਾਂ ਨੇ ਖੜ੍ਹੇ ਹੋ ਕੇ ਹੱਥ ਜੋੜਦਿਆਂ ਕਿਹਾ, ‘ਸਰ ਸਾਡਾ ਸਮਝੌਤਾ ਹੋ ਗਿਆ ਹੈ।’ ਸ਼ੀਲਾ ਨੇ ਗੱਲ ਨੂੰ ਅਗਾਂਹ ਤੋਰਦਿਆਂ ਕਿਹਾ, ‘ਸਰ ਤੁਹਾਡੇ ਨਾਲ ਵਾਅਦਾ ਕਰਦੀ ਹਾਂ ਕਿ ਮੈਂ ਇਨ੍ਹਾਂ ਨੂੰ ਕੋਈ ਸ਼ਿਕਾਇਤ ਦਾ ਮੌਕਾ ਨਹੀਂ ਦੇਵਾਂਗੀ। ਆਪਣੀ ਸੱਸ ਦੀ ਮਾਂ ਵਾਂਗ ਸੇਵਾ ਕਰਾਂਗੀ।’ ਦੋਨੋਂ ਮੁਸਕਰਾਉਂਦੇ ਹੋਏ ਕੈਬਿਨ ਵਿੱਚੋਂ ਬਾਹਰ ਨਿਕਲੇ। ਜੱਜ ਨੇ ਆਪਣੇ ਫ਼ੈਸਲੇ ਵਿਚ ਸਮਝੌਤੇ ਦੀ ਸਹੀ ਪਾ ਦਿੱਤੀ। ਸੁਨੀਲ ਤੇ ਸ਼ੀਲਾ ਜਦੋਂ ਇਕ-ਦੂਜੇ ਦਾ ਹੱਥ ਫੜ ਕੇ ਮੁਸਕਰਾਉਂਦੇ ਹੋਏ ਅਦਾਲਤ ਤੋਂ ਬਾਹਰ ਨਿਕਲੇ ਤਾਂ ਜੱਜ ਆਸ਼ੀਰਵਾਦ ਭਰੀਆਂ ਨਜ਼ਰਾਂ ਨਾਲ ਉਨ੍ਹਾਂ ਵੱਲ ਵੇਖ ਰਿਹਾ ਸੀ।

– ਮੋਹਨ ਸ਼ਰਮਾ


SUMMER GETAWAY DRAW!
WIN A ROUND-TRIP FLIGHT TO ANY DESTINATION!
YOUR ADVENTURE AWAITS
SABZI MANDI SUPERMARKET
NO PURCHASE NECESSARY!
ENTER TODAY • WIN ALL SUMMER LONG!
PLUS WEEKLY PRIZE DRAWS!
HAWKINS PRESSURE COOKER
SMALL APPLIANCES
CROCKERY SETS
GIFT BASKETS
Visit in store for more details
• Must be 19 years of age or older to enter.
• Winner will receive one (1) round-trip airfare ticket to a single destination.
• Maximum prize value: CAD $5,000.
Happy Canada Day!
HOT PRICE BC TINDA ਟਿੰਡਾ 99¢ /lb
HOT PRICE RUSSET POTATOES ਆਲੂ 10lb 2.99 ea
HOT PRICE JUMBO CARROTS ਵੱਡੀਆਂ ਗਾਜਰਾਂ 49¢ /lb
HOT PRICE ROMA TOMATOES ਰੋਮਾ ਟਮਾਟਰ 99¢ /lb
PUNJABI BY NATURE GUR RUSK ਪੰਜਾਬੀ ਬਾਈ ਨੇਚਰ ਗੁੜ ਰੱਸਕ 600g 3.99 ea
UNBEATABLE DEAL
TATA PREMIUM TEA ਟਾਟਾ ਚਾਹ 220's 6.99 ea
HOT PRICE SEEDLESS WATERMELON ਮੱਤੀਰਾ 99¢ /lb
MEHARBAAN PITTED DATES ਮੇਹਰਬਾਨ ਖੱਜੂਰਾਂ 680g 5.99 ea
HOT PRICE FRESH GINGER ਅੱਦਰਕ 99¢ /lb
NEW KRUNCH PANI-PURI TRAY ਨੀਊ ਕਰੰਚ ਪਾਨੀ ਪੂਰੀ 260g 6.99 ea
VIDHYA PUNJABI BISCUITS ਵਿਧਯਾ ਪੰਜਾਬੀ ਬਿਸਕੁਟ 2.2lb 5.99 ea
ROSHNI BASMATI RICE ਰੋਸ਼ਨੀ ਬਾਸਮਤੀ ਚਾਵਲ 8lb 8.99 ea
BAAZ DURAM ATTA ਬਾਜ਼ ਦੁਰਮ ਆਟਾ 20lb 11.99 ea
HOT PRICE FRESH CILANTRO ਧਨੀਆਂ Bunch 2 for 1.29
PUNJABI BY NATURE CHOPPED SPINACH ਪੰਜਾਬੀ ਬਾਈ ਨੇਚਰ ਸਾਗ 825g 3.99 ea
NPS #1 ALMONDS ਬਦਾਮ 5.99 /lb
SAVERA PANEER ਸਵੇਰਾ ਪਨੀਰ 341g 4.99 ea
PUNJABI BY NATURE MUSTARD OIL ਪੰਜਾਬੀ ਬਾਈ ਨੇਚਰ ਸਰੋਂ ਦਾ ਤੇਲ 5L 21.99 ea
HOT PRICE PEELED GARLIC ਲਸਣ 5lb Jar 7.99 ea
DELHI DARBAR PHOOL MAKHANA ਦਿੱਲੀ ਦਰਬਾਰ ਫੂਲ ਮਕਾਣਾ 70g, Asst. 3.99 ea
PUNJABI BY NATURE MANGO BURFI ਪੰਜਾਬੀ ਬਾਈ ਨੇਚਰ ਮੈਂਗੋ ਬੱਰਫੀ 150g 2.99 ea
FRESH DESI SAAG RAPINI ਸਾਗ Bunch 2.49 ea
SEEDLESS ORANGES ਸੰਗਤਰੇ 99¢ /lb
FRESH LYCHEE ਲੀਚੀ 2.99 /lb
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
MasterCard VISA AMERICAN EXPRESS Interac
American Express accepted at three locations.
Prices in effect while quantities last and are subject to change without notice. We reserve the right to limit quantities. Photos are for illustrative purposes only and may not depict actual sale item.
SALE DATES: Fri. June 26, 2026 - Wed. July 01, 2026
U-HAUL
*At participating locations only.
SABZI MANDI SUPERMARKET
STORES OPEN 7 DAYS A WEEK
Visit one of our great locations so we can serve you today!
You can also visit us online at www.sabzimandicanada.com
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
Prices in effect at the above listed store locations only.